# ਕਵਿਤਾ ਦੀ ਸੁਜੱਗ ਪੜ੍ਹਤ



**ਡਾ. ਯੋਗ ਰਾਜ ਅੰਗਰਿਸ਼**

ਪ੍ਰੋਫ਼ੈਸਰ ਤੇ ਮੁਖੀ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
✆ 8283948811

**ਲੇਖ ਦੀ ਜਾਣ-ਪਛਾਣ:**

ਕਵਿਤਾ ਦੀ ਰੀੜ੍ਹ ਮੈਟਾਫ਼ੋਰੀਕਲ (ਰੂਪਾਤਮਕ) ਕਾਵਿ-ਭਾਸ਼ਾ ਵਿਚ ਪਈ ਹੁੰਦੀ ਹੈ। ਮੈਟਾਫ਼ੋਰੀਕਲ ਕਾਵਿ-ਭਾਸ਼ਾ ਦੀ ਪੜ੍ਹਤ ਦਾ ਸਵਾਲ ਨਵੀਂ ਪੰਜਾਬੀ ਕਵਿਤਾ ਦੀ ਸਿਰਜਣਾ ਨਾਲ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ। ਕਵਿਤਾ ਦੀ ਪੜ੍ਹਤ ਦਾ ਕੋਈ ਇਕੋ-ਇਕ ਮਾਡਲ ਉਸਾਰਨਾ ਤਾਂ ਸੰਭਵ ਨਹੀਂ ਪਰ ਕਵਿਤਾ ਦੀ ਪੜ੍ਹਤ ਲਈ ਪਾਠਕ ਦੀ ਸੁਜੱਗਤਾ ਬਾਰੇ ਕੁਝ ਨੁਕਤੇ ਸਾਂਝੇ ਕਰਨਾ ਇਸ ਲੇਖ ਦਾ ਮਕਸਦ ਹੈ। ਮੱਧਕਾਲ ਤੋਂ ਲੈ ਕੇ ਸਮਕਾਲ ਤੱਕ ਪੰਜਾਬੀ ਕਵਿਤਾ ਦੀ ਸਿਰਜਣਾ ਦੀ ਵਿਭਿੰਨਤਾ ਅਤੇ ਵੱਖਰਤਾ ਸਾਡੀ ਗੌਰਵਸ਼ਾਲੀ ਕਾਵਿ-ਪਰੰਪਰਾ ਅੰਦਰ ਨਿਰੰਤਰ ਪ੍ਰਵਾਹਮਾਨ ਹੈ। ਅਕਾਦਮਿਕ ਖੇਤਰ ਅਤੇ ਸੁਤੰਤਰ ਵਿਚਾਰਧਾਰਕ ਅਧਿਐਨ ਦੇ ਅਨੇਕਾਂ ਰੂਪ ਵੀ ਸਾਡੇ ਸਾਹਮਣੇ ਹਨ। ਪਰ ਤਾਂ ਵੀ ਅੱਜ ਅਸੀਂ ਕਵਿਤਾ ਦੀ 'ਸੁਜੱਗ ਪੜ੍ਹਤ' ਬਾਰੇ ਵਿਚਾਰ ਕਿਉਂ ਕਰ ਰਹੇ ਹਾਂ?

ਇਸਦਾ ਮੇਰੇ ਲਈ ਕਾਰਨ ਇਹ ਹੈ ਕਿ ਕਵਿਤਾ ਦੇ ਵਿਭਿੰਨ ਪਾਠਾਂ ਨੂੰ ਇਕ ਸੁਜੱਗ ਪਾਠਕ ਕਿਹੜੇ ਆਧਾਰਾਂ 'ਤੇ ਪੜ੍ਹ ਸਕਦਾ ਹੈ ਤਾਂ ਜੋ ਕਵਿਤਾ ਪਾਠਕ ਦੀ ਮੈਟਾਫ਼ੋਰੀਕਲ ਸਿਰਜਣਾਤਮਿਕਤਾ ਦੀ ਚਿਹਨਕੀ ਬਣਤਰ ਦੀ ਸੀਮੈਂਟਿਕਸ (ਅਰਥਾਂ) ਤੱਕ ਗਹਿਨ ਰੂਪ ਵਿਚ ਪਹੁੰਚਿਆ ਜਾ ਸਕੇ। ਬੁਨਿਆਦੀ ਸਵਾਲ ਇਹ ਵੀ ਹੈ ਕਿ ਸੁਜੱਗ ਪੜ੍ਹਤ ਦਾ ਮਸਲਾ ਕਵਿਤਾ ਦੇ ਸਿਰਜਣਾਤਮਿਕ ਪਾਠ ਦੀ ਵਿਲੱਖਣਤਾ ਦਾ ਮਸਲਾ ਹੈ ਜਾਂ ਹਰ ਕਾਵਿ-ਪਾਠ ਇਕੋ ਦਿਸ਼ਾ 'ਚ ਪੜ੍ਹੇ ਜਾ ਸਕਦੇ ਹਨ। ਇਸਦਾ ਉੱਤਰ ਇਹ ਹੈ ਕਿ ਕਾਵਿ-ਪਾਠਾਂ ਦੀ ਸਿਰਜਣਾ ਦੇ ਜਿਹੜੇ ਅਨੇਕਾਂ ਰੂਪ, ਪੰਜਾਬੀ ਕਾਵਿ-ਪਰੰਪਰਾ ਵਿਚ ਸਿਰਜੇ ਗਏ ਹਨ, ਉਨ੍ਹਾਂ ਦੀ ਪੜ੍ਹਤ ਨੂੰ ਇਕੋ ਦਿਸ਼ਾ ਜਾਂ ਕਹਿ ਲਵੋ ਇਕੋ ਤਰ੍ਹਾਂ ਦੇ ਪੈਰਾਮੀਟਰਾਂ ਰਾਹੀਂ ਨਹੀਂ ਸਮਝਿਆ ਜਾ ਸਕਦਾ।

ਲੋਕਧਾਰਾਈ ਅਵਚੇਤਨ ਅਤੇ ਕਿਸੇ ਖਿੱਤੇ ਦੇ ਸਭਿਆਚਾਰਕ ਸਿਰਜਣਾਤਮਕ ਪੈਟਰਨ 'ਤੇ ਉਸਰੀ ਕਵਿਤਾ ਦਾ ਮੈਟਾਫ਼ੋਰੀਕਲ ਸੁਭਾਅ ਵੀ ਲੋਕਧਾਰਾਈ ਰਹਿੰਦਾ ਹੈ। ਇਸਦੇ ਅਨੇਕਾਂ ਪਛਾਣ-ਚਿੰਨ੍ਹ ਹੋ ਸਕਦੇ ਹਨ। ਪ੍ਰਗੀਤਕ ਬਿਰਤੀ ਅਤੇ ਸਮੂਹਿਕ ਸਭਿਆਚਾਰਕ ਅਵਚੇਤਨ ਦੀਆਂ ਅਕਾਂਖਿਆਵਾਂ ਇਸਦੇ ਦੋ ਮੂਲ ਆਧਾਰ ਹਨ ਜਿਸ ਕਾਰਨ ਅਜਿਹੀ ਕਵਿਤਾ ਨੂੰ ਕਿਸੇ ਸਭਿਆਚਾਰ ਦਾ ਵੱਡਾ ਸਮੂਹ ਸਹਿਜਤਾ ਨਾਲ ਪੜ੍ਹ ਲਵੇਗਾ। ਪਰ ਜਦੋਂ ਕੋਈ ਕਾਵਿ-ਪਾਠ ਆਪਣੇ ਸਮਕਾਲ ਵਿਚੋਂ ਨਵੇਂ ਵਿਸ਼ਾ-ਵਸਤੂ ਨੂੰ ਆਪਣੀ ਮੌਲਿਕ ਕਾਵਿ-ਭਾਸ਼ਾ ਦੇ ਨਵੇਂ ਪਣ ਰਾਹੀਂ ਪ੍ਰਗਟ ਕਰੇਗਾ ਤਾਂ 'ਪੜ੍ਹਤ' ਲੋਕਧਾਰਾਈ ਸਭਿਆਚਾਰਕ ਨਾਲੋਂ ਵਧੇਰੇ ਵਿਅਕਤੀਗਤ ਸਮਰੱਥਾ 'ਤੇ ਆਧਾਰਿਤ ਹੋਵੇਗੀ, ਇਹ ਵੀ ਹੋ ਸਕਦਾ ਹੈ ਕਿ ਇਕੋ ਕਵੀ ਦੇ ਕਾਵਿ-ਪਾਠਾਂ ਵਿਚ ਐਨੀ ਵੱਖਰਤਾ ਹੋਵੇ ਕਿ ਇਕ ਪਾਠ ਸਹਿਜੇ ਲੋਕਧਾਰਾਈ ਪੱਧਰ 'ਤੇ ਪੜ੍ਹਿਆ ਜਾ ਸਕੇ ਅਤੇ ਉਸੇ ਕਵੀ ਦਾ ਦੂਜਾ ਪਾਠ ਵਿਸ਼ੇਸ਼ ਵਿਅਕਤੀਗਤ ਸਮਰੱਥਾ ਨਾਲ ਪੜ੍ਹਨ ਦੀ ਲੋੜ ਪਵੇ। ਪੰਜਾਬੀ ਕਾਵਿ-ਪਰੰਪਰਾ 'ਚੋਂ ਅਸੀਂ ਉਦਾਹਰਣ ਲਈ ਸ਼ਿਵ ਕੁਮਾਰ (ਬਟਾਲਵੀ) ਦੀ ਕਵਿਤਾ ਦੇਖ ਸਕਦੇ ਹਾਂ। ਉਸਦੀ ਬਹੁਤੀ ਕਵਿਤਾ ਦੇ ਪਾਠਕ ਲੋਕਧਾਰਾਈ ਸਭਿਆਚਾਰ ਅਵਚੇਤਨ ਵਾਲੇ ਹਨ ਅਤੇ ਉਹਨਾਂ ਦਾ ਦਾਇਰਾ ਅਤੇ ਗਿਣਤੀ ਵੀ ਵੱਡੀ ਰਹੇਗੀ। ਪਰ ਜਦੋਂ 'ਲੂਣਾ' ਅਤੇ 'ਮੈਂ ਤੇ ਮੈਂ' ਵਰਗੀਆਂ ਲੰਮੀਆਂ ਕਵਿਤਾਵਾਂ ਦੀ ਸੀਮੈਂਟਿਕਸ ਨੂੰ ਸਮਝਣਾ ਪਵੇ ਤਾਂ ਪਾਠਕ ਨਵੇਂ ਇਮਤਿਹਾਨ 'ਚ ਪੈਂਦਾ ਹੈ। ਸਾਧਾਰਨ ਪੜ੍ਹਤ ਕਾਫ਼ੀ ਨਹੀਂ ਰਹਿੰਦੀ। ਇਸ ਲੇਖ ਵਿਚ ਇਸ ਨੁਕਤੇ ਦਾ ਵਿਸਥਾਰ ਵੀ ਅਗਾਂਹ ਦੇ ਹਿੱਸੇ ਵਿਚ ਹੈ। ਇਸੇ ਤਰ੍ਹਾਂ ਜਦੋਂ ਕੋਈ ਵਿਚਾਰਧਾਰਕ ਕਵੀ ਦਾ ਪਾਠ ਸਾਹਮਣੇ ਹੋਵੇ ਤਾਂ, ਪੜ੍ਹਤ ਹੋਰ ਵੀ ਸਮੱਸਿਆਯੁਕਤ ਬਣ ਜਾਂਦੀ ਹੈ। ਮਸਲਨ ਜੁਝਾਰਵਾਦੀ ਕਵੀ ਪਾਸ਼ ਨੂੰ ਪੜ੍ਹਨ ਲਈ, ਉਸ ਵਿਚਾਰਧਾਰਾ ਦੇ ਇਤਿਹਾਸਿਕ ਅਤੇ ਵਿਚਾਰਕੀ ਇਤਿਹਾਸ ਨੂੰ ਜਾਣਨਾ ਵੀ ਸੁਜੱਗ ਪਾਠਕ ਲਈ ਲਾਜ਼ਮੀ ਹੋ ਜਾਂਦਾ ਹੈ। ਇਸੇ ਤਰ੍ਹਾਂ ਕਾਵਿ-ਪਾਠ ਵਿਚ ਜਦੋਂ ਕੋਈ ਕਵੀ ਇਤਿਹਾਸ 'ਚੋਂ ਮਿੱਥ ਦਾ ਆਸਰਾ ਲੈ ਕੇ, ਆਪਣੇ ਨੁਕਤੇ ਤੋਂ ਉਸ ਦਾ ਰੂਪਾਂਤਰਣ ਕਰਦਾ ਹੈ ਤਾਂ ਮਿੱਥ ਦੇ ਪ੍ਰਸੰਗ (ਇਤਿਹਾਸਿਕ ਅਤੇ ਵਿਚਾਰਧਾਰਕ) ਬਹੁਤ ਹੀ ਮਹੱਤਵਪੂਰਨ ਹੋ ਜਾਂਦੇ ਹਨ; ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਚੰਡੀ ਦੀ ਵਾਰ' ਲਈ ਵੀ ਮਿੱਥਕ ਦੀ ਸੁਜੱਗਤਾ ਜ਼ਰੂਰੀ ਹੈ।

ਤੀਜਾ ਨੁਕਤਾ, ਸਿਰਜਣਾ ਦੀ ਦ੍ਰਿਸ਼ਟੀ ਤੋਂ ਹੈ ਕਿ ਕੋਈ ਕਾਵਿ-ਪਾਠ ਐਸਾ 'ਉੱਦਾਤ' ਹੁੰਦਾ ਹੈ ਜਿਸਦੀ ਪੜ੍ਹਤ ਸਰਬਕਾਲੀ ਹੋਵੇ, ਇਕੋ ਇਤਿਹਾਸਕ ਨਿਰੰਤਰਤਾ ਰਾਹੀਂ ਉਹ ਇਤਿਹਾਸ 'ਚ ਸਜੀਵ ਹੋ ਜਾਵੇ? ਟੀ.ਐਸ. ਈਲੀਅਟ ਦਾ ਲੇਖ 'ਕਲਾਸਿਕ ਕੀ ਹੈ?' ਇਸਦਾ ਉੱਤਰ ਦੇਣ ਦੀ ਕੋਸ਼ਿਸ਼ ਹੈ। ਮੇਰਾ ਸਪਸ਼ਟ ਮੰਨਣਾ ਹੈ ਕਿ ਹਰ ਚੰਗਾ ਕਾਵਿ-ਪਾਠ ਐਸੇ ਪ੍ਰੋੜ੍ਹ ਥੀਮ ਅਤੇ ਮੈਟਾਫ਼ਰ 'ਤੇ ਟਿਕਿਆ ਹੁੰਦਾ ਹੈ ਕਿ ਉਹ ਸਰਬਕਾਲੀ ਬਣ ਜਾਂਦਾ ਹੈ। ਇਸਦੇ ਕੋਈ ਨਿਸ਼ਚਿਤ ਆਧਾਰ ਤਾਂ ਨਹੀਂ ਮਿੱਥੇ ਜਾ ਸਕਦੇ ਪਰ ਇਤਿਹਾਸ ਇਸਦਾ ਫੈਸਲਾ ਕਰਦਾ ਰਹਿੰਦਾ ਹੈ। ਪਰ ਮੇਰਾ ਫਿਰ ਮੰਨਣਾ ਹੈ ਕਿ ਅਜਿਹੇ 'ਉੱਦਾਤ' ਅਤੇ ਸਰਬਕਾਲੀ ਕਾਵਿ-ਪਾਠਾਂ ਲਈ ਵੀ ਸੁਜੱਗ ਪੜ੍ਹਤ ਦੀ ਜ਼ਰੂਰਤ ਹੈ। ਜਿਸਦਾ ਵਿਸਥਾਰ ਲੇਖ ਵਿਚ ਕੀਤਾ ਗਿਆ ਹੈ। ਇਕ ਹੋਰ, ਮਸਲਾ ਬਹੁਤ ਹੀ ਮਹੱਤਵਪੂਰਨ ਹੈ ਕਿ 'ਸੁਜੱਗ ਪੜ੍ਹਤ' ਅਕਾਦਮਿਕ ਅਧਿਐਨਾਂ (ਅਕੈਡਮਿਕ ਸਟਡੀਜ਼) ਲਈ ਜ਼ਰੂਰੀ ਹੈ? ਇਸ ਦਾ ਉਤਰ ਵੀ ਮੈਂ ਹਾਂ ਵਿਚ ਹੀ ਦੇ ਰਿਹਾ ਹਾਂ ਕਿ ਸਾਡੇ ਅਕਾਦਮਿਕ ਅਧਿਐਨਾਂ ਵਿਚ ਸੁਜੱਗਤਾ ਦੀ ਘਾਟ ਹੈ। ਅਕਾਦਮਿਕ ਅਧਿਐਨਾਂ ਵਿਚ ਸਾਡੇ ਖੋਜਾਰਥੀ ਵੱਖਰੇ-ਵੱਖਰੇ ਅਧਿਐਨ ਮਾਡਲਾਂ ਨੂੰ ਚੁਣ ਤਾਂ ਲੈਂਦੇ ਹਨ, ਸੁਜਗੱਤਾ ਦੀ ਘਾਟ ਕਾਰਨ ਨਿਭਾਅ ਨਹੀਂ ਹੁੰਦਾ। ਸਗੋਂ ਮੈਂ ਸਮਝਦਾ ਹਾਂ ਕਿ ਹਰ ਕਵਿਤਾ ਬਾਰੇ ਅਧਿਐਨ ਕਰਨ ਵਾਲੇ ਖੋਜ-ਵਿਦਿਆਰਥੀਆਂ ਨੂੰ ਪਹਿਲਾਂ ਪਤਾ ਹੋਣਾ ਚਾਹੀਦਾ ਹੈ ਕਿ ਕਵਿਤਾ ਹੁੰਦੀ ਕੀ ਹੈ? ਕਵਿਤਾ ਦੇ ਮੈਟਾਫ਼ੋਰੀਕਲ ਸੁਭਾਅ ਦਾ ਲਾਜ਼ਮ ਹੋਣਾ ਕਿਉਂ ਸਿਰਜਣਾ ਵਿਚ ਵਾਪਰਦਾ ਹੈ? ਇਨ੍ਹਾਂ ਬੁਨਿਆਦੀ ਸਵਾਲਾਂ ਦੀ ਸੁਜੱਗਤਾ ਤੋਂ ਬਿਨਾਂ ਭਾਵੇਂ ਤੁਸੀਂ ਕੋਈ ਵੀ ਅਧਿਐਨ ਕਰੋ, ਉਹ ਸਿਧਾਂਤਕ ਟਿੱਪਣੀਆਂ ਤੱਕ ਸੀਮਤ ਰਹਿ ਜਾਵੇਗਾ; ਕਾਵਿ-ਪਾਠਾਂ ਦੀਆਂ ਡੂੰਘੀਆਂ ਅਰਥ-ਪਰਤਾਂ ਨਾਲ ਨਹੀਂ ਜੁੜੇਗਾ। ਕਵਿਤਾ ਦੇ ਅਧਿਐਨ ਮਾਡਲ ਨੂੰ ਮੈਂ ਵੱਖਰੇ ਲੇਖ ਰਾਹੀਂ ਹੋਰ ਸਪਸ਼ਟਤਾ ਨਾਲ ਸਮਝਣ ਦਾ ਯਤਨ ਕੀਤਾ ਹੈ ਜਿਸਦਾ ਵਿਸਥਾਰ ਇੱਥੇ ਨਹੀਂ ਦੇ ਰਿਹਾ।

ਇਸ ਲੇਖ ਵਿਚ ਕਾਵਿ-ਪਾਠਾਂ ਦੀ ਪੜ੍ਹਤ ਅਤੇ ਅਧਿਐਨ ਦੀਆਂ ਸੰਭਾਵੀ ਪਰਤਾਂ ਦੀ ਉਸਾਰੀ ਹੈ। ਮੈਂ ਪਰਤਾਂ ਦੀ ਥਾਂ ਵਿਧੀਆਂ ਜਾਂ ਅਧਿਐਨ ਵਿਧੀਆਂ ਦੀ ਵਰਤੋਂ ਇਸ ਲਈ ਨਹੀਂ ਕੀਤੀ, ਕਿਉਂਕਿ ਕਵਿਤਾ ਜਾਂ ਸਾਹਿਤ ਅਧਿਐਨ ਦੀਆਂ ਹੁਣ ਤੱਕ ਈਜਾਦ ਹੋਈਆਂ ਅਧਿਐਨ ਪ੍ਰਣਾਲੀਆਂ ਆਪਣੀਆਂ ਸਥਾਪਨਾਵਾਂ, ਦੁਨੀਆਂ ਦੇ ਵੱਖੋ-ਵੱਖਰੇ ਕਾਇਦਿਆਂ 'ਚ ਪਹਿਲਾਂ ਹੀ ਪੇਸ਼ ਹੋ ਚੁੱਕੀਆਂ ਨੇ ਅਤੇ ਨਿੱਤ ਦਿਨ ਕਵਿਤਾ ਦੇ ਅਧਿਐਨ ਮਾਡਲ ਉਸਾਰੇ ਜਾ ਰਹੇ ਹਨ। ਮੈਂ ਸਮਝਦਾ ਹਾਂ ਕਿ ਅਜੇ ਤੱਕ, ਪੰਜਾਬੀ ਕਾਵਿ-ਅਧਿਐਨ ਵਿਚ ਜਿਨ੍ਹਾਂ ਅਧਿਐਨ ਪ੍ਰਣਾਲੀਆਂ ਦੀ ਵਰਤੋਂ ਅਕਾਦਮਿਕ ਖੇਤਰ ਵਿਚ ਹੋਈ ਹੈ, ਉਹ ਮਹੱਤਵਪੂਰਨ ਹੁੰਦੀ ਹੋਈ ਵੀ, ਕਵਿਤਾ ਦੇ ਅਧਿਐਨ ਅਤੇ ਪੜ੍ਹਤ ਨਾਲ ਸਬੰਧਿਤ ਕੋਈ ਪ੍ਰਾਪਤੀ ਯੋਗ ਕਿਹਾ ਜਾਣ ਵਾਲਾ ਮਾਡਲ ਨਹੀਂ ਉਸਾਰ ਸਕੀ। ਹੋਰ ਸਾਹਿਤ ਰੂਪਾਕਾਰਾਂ ਦੇ ਨਿਸਬਤ, ਕਵਿਤਾ ਦੀ ਭਾਸ਼ਾ ਵਧੇਰੇ ਰੂਪਾਤਮਕ (ਮੈਟਾਫ਼ੋਰੀਕਲ) ਹੋਣ ਕਾਰਨ ਇਸ ਦੀ ਪੜ੍ਹਤ ਅਤੇ ਅਧਿਐਨ ਥੋੜ੍ਹਾ ਟੇਢਾ ਮਸਲਾ ਹੈ। ਖਾਸ ਤੌਰ 'ਤੇ ਪੰਜਾਬੀ ਸਾਹਿਤਕ-ਜਗਤ ਵਿਚ ਧਾਰਾਵਾਂ ਦੇ ਸਾਹਿਤ ਤੋਂ ਬਾਅਦ ਦਾ ਸਮਾਂ, ਸਾਹਿਤਕ ਪੜ੍ਹਤ ਅਤੇ ਅਧਿਐਨ ਨੂੰ ਹੋਰ ਜਟਿਲ ਬਣਾ ਰਿਹਾ ਹੈ। ਧਾਰਾਵਾਂ ਦੇ ਸਾਹਿਤ ਵਿਚ ਜਿਹੜੀ ਅਧਿਐਨ ਦੀ ਸੌਖ ਸੀ, ਉਹ ਸੀ, ਇਨ੍ਹਾਂ ਨੂੰ ਵਿਚਾਰਧਾਰਾਵਾਂ ਦੀ ਰੌਸ਼ਨੀ ਵਿਚ ਪੜ੍ਹਨ ਦੀ। ਪਰ ਪੰਜਾਬੀ ਸਾਹਿਤਕ-ਜਗਤ ਵਿਚ ਜਿਹੜੇ ਵੱਡੇ ਪਰਿਵਰਤਨ ਵੀਹਵੀਂ ਸਦੀ ਦੇ ਨੌਂਵੇਂ ਦਸ਼ਕ ਤੋਂ ਬਾਅਦ ਵਾਪਰੇ ਹਨ, ਉਨ੍ਹਾਂ ਨੇ ਸਾਹਿਤਕ ਪਾਠਾਂ ਦੀ ਥੀਮੈਟਿਕਸ ਨੂੰ ਸਰਲ ਤੋਂ ਜਟਿਲ ਬਣਾ ਦਿੱਤਾ ਹੈ। ਕਵਿਤਾ ਦੇ ਖੇਤਰ ਵਿਚ, 'ਨਵੀਂ ਕਵਿਤਾ' ਦੇ ਲਕਬ ਨਾਲ ਪ੍ਰਚਲਿਤ ਕਵਿਤਾ ਪਾਠਾਂ ਦੇ ਰੂਪ ਅਤੇ ਥੀਮੈਟਿਕਸ ਇਸ ਪੱਖ ਤੋਂ ਹੋਰ ਵੀ ਵਧੇਰੇ ਵਿਚਾਰ ਚਰਚਾ ਵਿਚ ਆਏ ਹਨ। ਸੋ ਮੈਂ ਆਪਣੇ ਅਧਿਐਨ ਦੇ ਦੋ ਹਿੱਸੇ ਬਣਾ ਰਿਹਾ ਹਾਂ। ਇਕ ਹੈ ਕਵਿਤਾ ਦੀ ਪੜ੍ਹਤ ਦਾ ਅਤੇ ਦੂਜਾ ਹੈ ਕਵਿਤਾ ਦੇ ਅਧਿਐਨ ਦਾ। ਕਿਸੇ ਕਾਵਿ-ਪਾਠ ਦੀ ਸਹੀ ਪੜ੍ਹਤ ਤੋਂ ਬਿਨਾਂ ਅਧਿਐਨ ਵੀ ਕਿਵੇਂ ਸਹੀ ਦਿਸ਼ਾ 'ਚ ਜਾ ਸਕਦਾ ਹੈ? ਇਸ ਅਧਿਐਨ ਦਾ ਮਕਸਦ ਪਹਿਲਾਂ ਤੋਂ ਪ੍ਰਚਲਿਤ, ਸਾਹਿਤ ਆਲੋਚਨਾ ਪ੍ਰਣਾਲੀਆਂ 'ਚੋਂ ਕਿਸੇ ਇਕ ਜਾਂ ਦੂਜੀ ਨੂੰ ਆਧਾਰ ਬਣਾ ਕੇ, ਇਸਦਾ ਮਾਡਲ ਉਸਾਰਨ ਦਾ ਪ੍ਰਯਤਨ ਇਸ ਅਧਿਐਨ ਵਿਚ ਕਿਸੇ ਮਕਸਦਸ਼ੀਲ ਵਿਚਾਰ ਨੂੰ ਪ੍ਰਚਾਰਨ ਦਾ ਉੱਕਾ ਹੀ ਨਹੀਂ। ਪਰ ਨਾਲ ਹੀ ਇਹ ਸਵਾਲ ਵੀ ਸ਼ੁਰੂ 'ਚ ਹੀ ਹੱਲ ਕਰਨ ਵਾਲਾ ਹੈ ਕਿ ਕੀ ਕੋਈ ਪੜ੍ਹਤ ਅਤੇ ਕੋਈ ਅਧਿਐਨ ਸਰਬਾਂਗੀ (ਯੂਨੀਵਰਸਲ) ਅਤੇ ਨਿਰਪੱਖ ਵੀ ਕਿਵੇਂ ਹੋ ਸਕਦਾ ਹੈ? ਇਸਦਾ ਉੱਤਰ, ਮੇਰੇ ਅਕਾਦਮਿਕ ਸਮੇਂ ਦੇ ਤੀਹ ਸਾਲਾਂ ਦੇ ਸੀਮਿਤ ਜਿਹੇ ਅਧਿਐਨ ਰਾਹੀਂ ਇਹ ਹੀ ਨਿਕਲਿਆ ਹੈ ਕਿ ਕਿਸੇ ਵੀ ਕਾਵਿ-ਪਾਠ ਦਾ ਕੋਈ ਸਰਬਾਂਗੀ ਜਾਨੀ ਇਕੋ ਮਾਡਲ ਸੰਭਵ ਨਹੀਂ। ਸਾਹਿਤਕ-ਪਾਠਾਂ ਦੀ ਆਪਣੀ ਬਿਰਤੀ ਵੀ ਇਤਿਹਾਸ ਪਰਿਪੇਖ ਹੈ- ਜੋ ਇਤਿਹਾਸ 'ਚ ਵਾਪਰਦੀਆਂ ਘਟਨਾਵਾਂ ਦੇ ਸੰਦਰਭ ਵਿਚ ਬਦਲਦੀ ਹੈ। ਸਾਹਿਤ ਅਧਿਐਨ ਪ੍ਰਣਾਲੀਆਂ ਦੀ ਵਿਕਾਸ ਰੇਖਾ ਵੀ ਇਸ ਇਤਿਹਾਸਕ ਬਦਲਾਅ 'ਚ ਪੈਂਦੀ ਰਹੀ ਹੈ। ਸੰਰਚਨਾਵਾਦ ਅਤੇ ਰੂਸੀ ਰੂਪਵਾਦ ਨੇ ਸਾਹਿਤਕਤਾ ਦੇ ਨੁਕਤੇ ਤੋਂ ਜੋ ਅਜਨਬੀਕਰਣ (Defaimilairzaiton) ਦਾ ਸਿਧਾਂਤ ਦਿੱਤਾ ਸੀ, ਉਸ ਤੋਂ ਲੱਗਣ ਲਗ ਪਿਆ ਸੀ ਕਿ ਕੁਝ ਸਰਬਾਂਗੀ ਕਿਸਮ


www.sanvad.org
ISSN : 2395-1273

ਦੇ ਨੁਕਤੇ ਜ਼ਰੂਰ ਹਨ ਜਿਨ੍ਹਾਂ ਦੇ ਆਧਾਰਾਂ ’ਤੇ ਸਾਹਿਤਕ ਵਸਤੂ (ਸਾਹਿਤਕ ਪਾਠਾਂ ਦੀ ਸੰਰਚਨਾ) ਦਾ ਅਧਿਐਨ ਹੋ ਸਕਦਾ ਹੈ। ਪਰ ਉੱਤਰ-ਸੰਰਚਨਾਵਾਦ ਅਤੇ ਦੈਰਿਦਾ ਦੀ ਡੀਕੰਸਟ੍ਰਕਸ਼ਨ ਨੇ ਰੂਸੀ ਰੂਪਵਾਦ ਅਤੇ ਭਾਸ਼ਾਈ ਸੰਰਚਨਾ ਦੇ ਸਥਿਤ ਭਾਸ਼ਾਈ ਮਾਡਲਾਂ ਦੀਆਂ ਸੀਮਾਵਾਂ ਨੂੰ ਸਾਹਮਣੇ ਲਿਆਂਦਾ। ਇਸੇ ਤਰ੍ਹਾਂ ਧਾਰਾਵਾਂ ਦੇ ਸਾਹਿਤ ਵਿਚ ਮਾਰਕਸਵਾਦੀ ਅਧਿਐਨ ਦੇ ਜਮਾਤੀ, ਪ੍ਰਤੀਬੱਧਤਾ ਅਤੇ ਵਿਚਾਰਧਾਰਾ ਦੇ ਮਾਡਲਾਂ ਦੇ ਇਕਹਿਰੇ ਸੁਭਾਅ (monoiestk) ’ਤੇ ਸਵਾਲ ਖੜ੍ਹੇ ਕਰ ਦਿੱਤੇ।

ਪੱਛਮ ਵਿਚ ਨਵ-ਮਾਰਕਸਵਾਦ ਦੇ ਜਿਹੜੇ ਚਿੰਤਕ ਗ੍ਰਾਮਸ਼ੀ ਦੀਆਂ ਲਿਖਤਾਂ ਦੇ ਪ੍ਰਭਾਵ ਅਤੇ ਫਰੈਂਕਫਰਟ ਸਕੂਲ ਦੇ ਚਿੰਤਕਾਂ ਦੀਆਂ ਸਥਾਪਨਾਵਾਂ ’ਚੋਂ ਨਿਕਲੇ, ਉਨ੍ਹਾਂ ਨੇ ਸਾਹਿਤਕ-ਪਾਠਾਂ ਦੇ ਨਿਸ਼ਚਿਤ ਵਿਚਾਰਧਾਰਕ ਕੇਂਦਰਵਾਦ ਦੀਆਂ ਸੀਮਾਵਾਂ ਨੂੰ ਸਾਹਮਣੇ ਲਿਆਂਦਾ। ਲਿਉਤਾਰਦ, ਫਰੈਡਰਿਕ ਜੇਮਸਨ, ਟੈਰੀ ਈਗਲਟਨ ਅਤੇ ਰੇਮੰਡ ਵਿਲੀਅਮਜ਼ ਦੇ ਸਾਹਿਤ-ਚਿੰਤਨ ਨੇ ਆਪੋ-ਆਪਣੇ ਨੁਕਤੇ ਤੋਂ ਸਾਹਿਤਕ-ਪਾਠਾਂ ਦੇ ਇਕਹਿਰੇ ਅਤੇ ਕੇਂਦਰਵਾਦੀ ਅਧਿਐਨ ਨੂੰ ਇਕ ਤਰ੍ਹਾਂ ਨਾਲ, ਸਾਹਿਤ ਅਧਿਐਨ ’ਚੋਂ ਖਾਰਿਜ ਕਰਨ ਵਿਚ ਬਹੁਤ ਹੀ ਸਾਰਥਕ ਭੂਮਿਕਾ ਨਿਭਾਈ। ਕਲਾਸੀਕਲ ਸਿਧਾਂਤਾਂ ’ਚੋਂ ਭਾਰਤੀ ਕਾਵਿ-ਸ਼ਾਸਤਰ, ਅਰਸਤੂਵਾਦੀ ਰੂਪਵਾਦੀ ਕਾਵਿ-ਸ਼ਾਸਤਰ, ਲੌਂਜਾਈਨਸ ਦੇ ਉਦੱਾਤਵਾਦੀ ਸਿਧਾਂਤਾਂ ਦੀ ਪੁਨਰ-ਵਿਆਖਿਆ ਵੀ ਨਿਊ-ਕਲਾਸੀਕਲ ਸਾਹਿਤ ਚਿੰਤਨ ਵਿਚ ਇਸ ਮਸਲੇ ’ਤੇ ਇਕਮੱਤ ਨਜ਼ਰ ਆਉਂਦੀ ਹੈ ਕਿ ਸਾਹਿਤ-ਪਾਠਾਂ ਲਈ ਕੋਈ ਇਕ ਸਰਬਾਂਗੀ ਮਾਡਲ ਨਹੀਂ ਉਸਾਰਿਆ ਜਾ ਸਕਦਾ। ਮੈਂ ਨਿਰਪੱਖਤਾ ਜਾਂ ਪੱਖਤਾ ਨੂੰ ਵਿਚਾਰਧਾਰਾ ਤੋਂ ਵੀ ਪ੍ਰਥਮ, ਯੋਗਤਾ ਅਤੇ ਸਮਰੱਥਾ ਦਾ ਮਸਲਾ ਸਮਝਦਾ ਹਾਂ। ਮਸਲਨ ਜੇ ਕੋਈ ਇਹ ਦਾਅਵਾ ਕਰੇ ਕਿ ਮੈਂ ਨਵ-ਮਾਰਕਸਵਾਦੀ ਹਾਂ ਜਾਂ ਮੈਂ ਸੰਰਚਨਾਵਾਦੀ ਹਾਂ ਅਤੇ ਉਸਦੇ ਅਧਿਐਨ ਵਿਚ ਸਾਹਿਤਕ ਅਧਿਐਨ ਦੀ ਗਹਿਰਾਈ ਹੋਵੇ ਹੀ ਨਾ- ਤਾਂ ਇਹ ਵਿਚਾਰਾਧਾਰਕ ਪ੍ਰਤਿਬੱਧਤਾ ਐਂਵੇ ਵਾਧੂ ਦਾ ਪ੍ਰਚਾਰ ਜਾਂ ਆਪਣੇ ਆਪ ਨੂੰ ਢੱਕਣ ਦਾ ਢਕੋਸਲਾ ਹੀ ਹੋਕੇ ਰਹਿ ਜਾਂਦਾ ਹੈ। ਮੈਂ ਭਾਵੇਂ ਆਪਣੇ ਅਧਿਐਨ ’ਚ, ਪਹਿਲਾਂ ਦੇ ਅਧਿਐਨਾਂ (ਸਟੱਡੀਜ਼) ਨੂੰ ਕਿਸੇ ਨਿੱਜੀ ਭਾਵਨਾ ਹੇਠ ਛੁਟਿਆਉਣ ਦਾ ਯਤਨ ਨਹੀਂ ਕਰ ਰਿਹਾ ਪਰ ਕੀ ਉਹ ਸੱਚ ਨਹੀਂ ਕਿ ਪੰਜਾਬੀ ਦੇ ਬਹੁਤੇ ਵਿਚਾਰਧਾਰਕ ਕਹੇ ਜਾਂਦੇ ਸਾਹਿਤਕ ਅਧਿਐਨ ਬੜੇ ਸਰਲ ਅਤੇ ਆਪਣੇ ਹੀ ਦਾਅਵਿਆਂ ਦੇ ਉਲਟ ਹਨ। ਸੋ ਸਾਹਿਤਕ-ਪਾਠਾਂ ਦਾ ਅਧਿਐਨ ਅਤੇ ਪੜ੍ਹਤ ਵਿਚਾਰਧਾਰਕ ਪ੍ਰਤਿਬੱਧਤਾ ਨਾਲੋਂ ਵੀ ਵਧੇਰੇ ਯੋਗਤਾ ਅਤੇ ਸਮਰੱਥਾ ਦਾ ਮਸਲਾ ਹੈ। ਸੋ ਮੁਢਲੇ ਇਨ੍ਹਾਂ ਸ਼ਬਦਾਂ ਰਾਹੀਂ ਮੈਂ ਇਹੀ ਸਪਸ਼ਟ ਕਰਨ ਚਾਹਿਆ ਹੈ ਕਿ ਸਾਹਿਤ ਦੀ ਪੜ੍ਹਤ ਅਤੇ ਅਧਿਐਨ ਕਰਤਾ ਦੀ ਸਮਰਥਾ, ਯੋਗਤਾ ਅਤੇ ਪ੍ਰਤਿਭਾ ਦਾ ਮਸਲਾ ਹੈ। ਮੈਂ ਆਪਣੇ ਇਸ ਅਧਿਐਨ ਨੂੰ ਦੋ ਹਿੱਸਿਆਂ ’ਚ ਵੰਡਕੇ, ਅਧਿਐਨ ਦੇ ਅਗਲੇ ਵਿਸਥਾਰ ਵੱਲ ਪਰਤ ਰਿਹਾ ਹਾਂ :

**ਕਵਿਤਾ ਦੀ ਪੜ੍ਹਤ: ਪਾਠਕ ਅਤੇ ਪਾਠ ਦਾ ਸੰਬੰਧ:**

ਮੈਂ ਸ਼ੁਰੂ ’ਚ ਹੀ ਕਿਹਾ ਹੈ ਕਿ ਕਵਿਤਾ, ਹੋਰ ਸਾਹਿਤ ਰੂਪਾਕਾਰਾਂ ਨਾਲੋਂ ਭਾਸ਼ਾਈ ਤੌਰ ’ਤੇ ਵਧੇਰੇ ਮੈਟਾਫ਼ੋਰੀਕਲ ਹੈ। ਮੈਟਾਫ਼ੋਰੀਕਲ ਤੋਂ ਮੇਰਾ ਭਾਵ ਸਿਰਫ਼ ਰੂਪਕਾਂ (ਮੈਟਾਫ਼ਰਜ਼) ਦੀ ਵਰਤੋਂ ਵਾਲੀ ਭਾਸ਼ਾ ਤੋਂ ਹੀ ਨਹੀਂ, ਕਵਿਤਾ ਦੇ ਉਸ ਮੂਲ ਸੁਭਾਅ ਤੋਂ ਹੈ ਜਿਸ ਕਾਰਨ ਵਿਹਾਰਕ ਭਾਸ਼ਾ, ਕਾਵਿ-ਭਾਸ਼ਾ ’ਚ ਰੂਪਾਂਤਰਿਤ ਹੋ ਕੇ ਕਾਵਿ-ਕਿਰਤ ਬਣਦੀ ਹੈ। ‘ਸਿਰਜਣਾਤਮਿਕਤਾ’ ਅਤੇ ‘ਘਾੜਤਿ’ ਦੋ ਅਜਿਹੇ ਸੰਕਲਪ ਹਨ ਜਿਨ੍ਹਾਂ ਰਾਹੀਂ, ਪੰਜਾਬੀ ਕਵਿਤਾ ਦੇ ਅਧਿਐਨ ਵਿਚ ਇਕ ਘਚੋਲਾ ਵਾਪਰਿਆ ਹੈ। ਸਮਾਜ-ਸ਼ਾਸਤਰੀ ਕਹੇ ਜਾਣ ਵਾਲੇ (ਜਿਹੜੇ ਆਪਣੇ ਆਪ ਨੂੰ ਵਿਚਾਰਧਾਰਕ ਕਹਿੰਦੇ ਹਨ) ਸਾਹਿਤ ਆਲੋਚਕ ਜਦੋਂ ਪੰਜਾਬੀ ਕਵਿਤਾ ਦਾ ਅਧਿਐਨ ਕਰਦੇ ਹਨ ਤਾਂ ਉਹ ਸਿਰਜਣਾਤਮਿਕਤਾ ਨੂੰ, ਵਿਚਾਰ-ਜਗਤ ਨਾਲ ਜੋੜਕੇ ਇਹ ਦਾਅਵਾ ਕਰਦੇ ਹਨ ਕਿ ਇਹ ਕਵਿਤਾ (ਫਲਾਣੀ ਕਵਿਤਾ) ਮੱਧਵਰਗੀ; ਪੈਟੀ-ਬੁਰਜ਼ੁਆ ਸੁਭਾਅ ਵਾਲੀ ਹੈ; ਵਿਚਾਰਧਾਰਾ ਤੋਂ ਟੁੱਟੀ ਹੋਈ ਹੈ; ਇਤਿਹਾਸ ਤੋਂ ਟੁੱਟੀ ਹੋਈ ਹੈ; ਇਹ ਹੁਣ ਉਤਰਆਧੁਨਿਕ ਹੋ ਗਈ ਹੈ ਜਾਂ ਇਸ ਤੋਂ ਉਲਟ ਐਲਾਨ ਕਰਦੇ ਹਨ ਕਿ ਇਹ ਕਵਿਤਾ ਪ੍ਰਤਿਬੱਧ ਹੈ; ਸਮਾਜਿਕ ਹੈ; ਅਗਾਂਹਵਧੂ ਹੈ; ਪ੍ਰਗਤੀਸ਼ੀਲ ਹੈ; ਪ੍ਰਯੋਗਸ਼ੀਲ ਹੈ; ਭਵਿੱਖਮੁਖੀ ਆਦਰਸ਼ਾਂ ਦੀ ਤਲਾਸ਼ ਨਾਲ ਜੁੜੀ ਹੋਈ ਹੈ। ਕਵਿਤਾ ਦੀ ਅਟਾਨਮੀ ਜਾਂ ਰੂਪ ਜਿਸ ਨੂੰ ਮੈਂ ‘ਘਾੜਤਿ’ ਕਹਿੰਦਾ ਹਾਂ, ਬਾਰੇ ਇਹ ਵਿਦਵਾਨ ਅਵੇਸਲੇ ਹਨ। ਵਾਪਰਦਾ ਇਹ ਹੈ ਕਿ ਜਿਹੜੇ ਵਿਚਾਰ ਅਜੇ ਨਿਰੀ ਥੋੜ੍ਹੀ ਬਹੁਤੀ ਤੁਕਬੰਦੀ ਹੁੰਦੇ ਹਨ, ਬਹੁਤ ਹੀ ਸਰਲ ਰੀਟੋਰਿਕ ਵਾਲੇ ਹੁੰਦੇ ਹਨ, ਨੂੰ ਸਮਾਜਿਕ ਤਬਦੀਲੀ ਦੀ ਤਾਂਘ ਦੀ ਪ੍ਰਗਤੀਸ਼ੀਲ ਕਵਿਤਾ ਦੇ ਘੇਰੇ ਦੀ ਕਵਿਤਾ ਐਲਾਨਿਆ ਜਾਂਦਾ ਰਿਹਾ ਹੈ ਅਤੇ ਹੁਣ ਵੀ ਇਵੇਂ ਹੀ ਹੋ ਰਿਹਾ ਹੈ। ਇਹ ਕਵੀ ਬਹੁਤੀ ਵਾਰ ਵਿਚਾਰਾਂ ਵਿਚ ਆਪਣੇ ਆਪ ਨੂੰ ਬਹੁਤ ਹੀ ਇਮਾਨਦਾਰ ਅਗਾਂਹਵਧੂ ਹੋਣ ਦਾ ਰਾਗ ਅਲਾਪਦੇ ਹਨ। ਪਰ ਦੇਖੋ ਇਹ ਦਾਅਵੇ ਕੀ ਕਿਸੇ ਕਵੀ ਨੂੰ, ਕਵੀ ਬਣਾ ਸਕਦੇ ਹਨ? ਕਵਿਤਾ ਲਈ ਤਾਂ ਇਕ ਰੂਪ ਲੋੜੀਂਦਾ ਹੈ। ਗੁਰਬਾਣੀ ਵਿਚ ਸ੍ਰੀ ਗੁਰੂ

ਨਾਨਕ ਜੀ ਜਦੋਂ ਸਰਮ ਖੰਡ ਦੀ ਵਿਆਖਿਆ ਕਰਦੇ ਹਨ ਤਾਂ ਉਹ ਆਤਿਮਕ ਆਨੰਦ ਨੂੰ ਰੂਪ (ਘਾੜਤਿ) ਕਹਿੰਦੇ ਹਨ। ਸਬਦ-ਸੁਰਤਿ ਤੱਕ ਪਹੁੰਚਣ ਲਈ ਸ਼ਬਦ ਨੇ, ਸੰਕਲਪ ਨੇ ਇਕ ਕਾਵਿ-ਰੂਪ ਬਣਨਾ ਹੈ। ਰੂਸ ਦੇ ਮੁਢਲੇ ਸੁਹਜ-ਸ਼ਾਸਤਰੀਆਂ ਨੇ ਵੀ ਵਾਰ-ਵਾਰ ਇਹੀ ਕਿਹਾ ਹੈ ਕਿ ਜੇ ਸੰਕਲਪਾਂ ਦਾ (ਵਿਚਾਰਾਂ ਦਾ) ਬਿੰਬਾਂ ਵਿਚ ਰੂਪਾਂਤਰਿਤ ਨਹੀਂ ਹੁੰਦਾ ਤਾਂ ਇਹ ਸੰਕਲਪ ਵਿਚਾਰ ਹੀ ਰਹਿਣਗੇ। ਪਾਠਕ ਲਈ ਅਜਿਹੇ ਵਿਚਾਰ ਕੋਈ ਅਚੰਭਾ ਪੈਦਾ ਨਹੀਂ ਕਰਨਗੇ ਅਤੇ ਅਜਿਹੇ ਕਾਵਿ-ਪਾਠ ਡੰਪ ਹੋ ਜਾਂਦੇ ਹਨ, ਪੜ੍ਹੇ ਨਹੀਂ ਜਾਂਦੇ, ਛਪ ਜ਼ਰੂਰ ਜਾਂਦੇ ਹਨ। ਅਸਲ ਵਿਚ ਰੂਪ ਜਾਂ 'ਘਾੜਤਿ' ਦਾ ਇਹ ਯਾਨਰਿਕ ਸਿਧਾਂਤ ਤਾਂ, ਹਰ ਸਾਹਿਤਕ-ਵਿਧਾ ਲਈ ਹੈ ਜਿਸਦੀ ਭਾਵਪੂਰਤ ਵਿਆਖਿਆ, ਸਾਰਤਰ ਨੇ ਆਪਣੀ ਬਹੁਤ ਹੀ ਮਹੱਤਵਪੂਰਨ ਕਿਤਾਬ 'ਵਟ ਇਜ਼ ਲਿਟਰੇਚਰ' (What is Literature) ਵਿਚ ਬੜੀ ਸੂਖ਼ਮਤਾ ਨਾਲ ਕੀਤੀ ਹੈ, ਸੋ ਕਵਿਤਾ ਨੂੰ ਕਵਿਤਾ ਤੱਕ ਪਹੁੰਚਣ ਲਈ ਵਿਹਾਰਕ-ਭਾਸ਼ਾ ਨਾਲ ਸੰਘਰਸ਼ ਦੇ ਮਾਰਗ ਪੈਣਾ ਪੈਂਦਾ ਹੈ। ਸਿਰਜਣਾਤਮਿਕਤਾ, ਘਾੜਤਿ ਦੇ ਰਸਤੇ ਪੈ ਕੇ, ਰੂਪਾਤਮਕ (ਮੈਟਾਫ਼ੋਰੀਕਲ) ਹੁੰਦੀ ਹੈ। ਇਸ ਲਈ ਸਿਰਜਣਾ ਅਤੇ ਘਾੜਤਿ ਅਨਿੱਖੜ ਹਨ, ਵੱਖੋ-ਵੱਖ ਭੂਮਿਕਾ ਨਹੀਂ ਨਿਭਾਉਂਦੇ। ਮਸਲਨ ਕੀ ਕੋਈ ਕਵਿਤਾ ਦੇ ਰੂਪਕੀ ਸਿਧਾਂਤ ਅਤੇ ਬਣਤਰ ਬਾਰੇ ਸਿਧਾਂਤਕ ਗਿਆਨ ਅਰਜਿਤ ਕਰਕੇ ਅਸਲ ਕਵੀ ਬਣ ਜਾਂਦਾ ਹੈ? ਇਸਦਾ ਜਵਾਬ ਵੀ ਨਾਂਹਮੁਖੀ ਹੀ ਹੈ। ਛੰਦ ਕੀ ਹੈ? ਅਰੂਜ਼ ਕੀ ਹੈ? ਗ਼ਜ਼ਲ-ਸ਼ਾਸਤਰ ਕੀ ਹੈ? ਕੀ ਹੈ ਬਹਿਰ, ਕਾਫ਼ੀਆ, ਰਦੀਫ਼, ਮਤਲਾ, ਮਤਲਾ-ਏ-ਸਾਨੀ? ਜਾਂ ਕਾਵਿ-ਰੂਪਾਂ ਦੀ ਸਿਧਾਂਤਕੀ ਕੀ ਹੈ? ਕਿੱਸਾ ਕੀ ਹੈ? ਵਾਰ ਕੀ ਹੈ? ਰੁਬਾਈ ਕੀ ਹੈ? ਸਬਦ, ਸਲੋਕ ਜਾਂ ਕਾਵਿ ਦੇ ਹੋਰ ਰੂਪਾਂ ਦੀ ਬਣਤਰ ਦੇ ਕੀ ਸਿਧਾਂਤ ਹਨ? ਨੂੰ ਜਾਣਕੇ, ਸਿਧਾਂਤਕ ਗਿਆਨ ਅਰਜਿਤ ਕਰਕੇ ਕੀ ਕੋਈ ਨਵੀਂ ਕਵਿਤਾ ਤੱਕ ਪਹੁੰਚ ਸਕਦਾ ਹੈ? ਜਾਂ ਕਵੀ ਬਣ ਸਕਦਾ ਹੈ। ਇਸਦਾ ਉੱਤਰ ਵੀ ਨਾਂਹ ਹੀ ਹੈ। ਕਿਸੇ ਕਵੀ ਨੂੰ ਉਪਰੋਕਤ ਸਿਧਾਂਤਕ ਗਿਆਨ ਅਰਜਿਤ ਕਰ ਲੈਣਾ ਚਾਹੀਦਾ ਹੈ, ਇਹ ਉਸ ਲਈ ਲਾਹੇਵੰਦ ਹੁੰਦਾ ਹੈ। ਘੱਟੋ ਘੱਟ ਨਿਯਮਤ ਬੰਦ ਕਾਵਿ-ਰੂਪ, ਜਿਵੇਂ ਗ਼ਜ਼ਲ ਲਈ ਤਾਂ ਇਹ ਸਿਧਾਂਤਕੀ ਜ਼ਰੂਰੀ ਵਰਗੀ ਹੀ ਹੈ। ਨਹੀਂ ਤਾਂ ਗ਼ਜ਼ਲਗੋ ਸਕਤਿਆਂ (ਨੁਕਸਾਂ) ਦਾ ਸ਼ਿਕਾਰ ਰਹੇਗਾ। ਪਰ ਕਵਿਤਾ ਦੀ ਹੋਂਦ, ਇਸ ਤੋਂ ਅਗਾਂਹ ਦਾ ਮਸਲਾ ਹੈ। ਇਹ ਸਿਰਜਣਾ ਅਤੇ ਘਾੜਤਿ ਦੀ ਸਮਲਿਤਾ ਦਾ ਮਸਲਾ ਹੈ ਜੋ ਉਦੋਂ ਹੀ ਸੰਭਵ ਹੁੰਦਾ ਹੈ ਜਦੋਂ ਕੋਈ ਕਵੀ ਵਿਹਾਰਕ-ਭਾਸ਼ਾ 'ਤੇ ਫਤਹਿ ਪਾ ਲੈਂਦਾ ਹੈ। ਫਤਹਿ ਕਿੰਨੀ ਪਾਉਂਦਾ ਹੈ- ਇਹ ਕਵੀ ਦਾ ਕਰਮ ਹੈ; ਸਮਰੱਥਾ ਹੈ; ਪ੍ਰਤਿਭਾ ਹੈ; ਕਲਪਨਾ ਤੇ ਗਿਆਨ ਹੈ; ਵਿਚਾਰਾਂ (thought) ਦੀ ਪ੍ਰੋੜ੍ਹਤਾ ਹੈ। ਪ੍ਰੋੜ੍ਹ ਵਿਚਾਰ ਤੋਂ ਬਿਨਾਂ, ਪ੍ਰੋੜ੍ਹ ਕਵਿਤਾ ਦੀ ਆਸ ਬੇਮਾਅਨਾ ਹੈ। ਲੋਕਧਾਰਾਈ ਸਿਰਜਣਾ ਵੀ ਹਾਰਾ-ਸਾਰਾ ਨਹੀਂ ਕਰਦਾ, ਵਿਸ਼ੇਸ਼ ਪ੍ਰਤਿਭਾ ਕਰਦੀ ਹੈ।

ਵਿਹਾਰਕ-ਭਾਸ਼ਾ ਤੋਂ ਕਾਵਿ-ਭਾਸ਼ਾ ਜਾਂ ਕਹਿ ਲਵੋ ਕਵੀ ਹੋਣ ਲਈ, ਵਿਹਾਰਕ-ਭਾਸ਼ਾ ਨੂੰ ਰੂਪਾਂਤਰਣ ਕਰਨ ਤੋਂ ਕੀ ਭਾਵ ਹੈ? ਥੋੜ੍ਹਾ ਹੋਰ ਸਪੱਸ਼ਟ ਕਰ ਲੈਂਦੇ ਹਾਂ। ਕਵਿਤਾ ਦੀ ਕੋਈ ਵੀ ਪਰਿਭਾਸ਼ਾ, ਕਿਸੇ ਵੀ ਸਿਧਾਂਤਕ ਸਕੂਲ ਜਾਂ ਯੁੱਗ-ਬੋਧ ਦੇ ਅਨੁਕੂਲ ਹੋਈ ਹੋਵੇ, ਸਰਬਾਂਗੀ ਪਰਿਭਾਸ਼ਾ ਹੀ ਇਹ ਹੈ ਕਿ ਕਵਿਤਾ ਦੀ ਪਰਿਭਾਸ਼ਾ ਦਾ ਮੂਲ-ਭੂਤ ਆਧਾਰ ਕਾਵਿ-ਭਾਸ਼ਾ ਹੀ ਹੈ। ਕਾਵਿ-ਭਾਸ਼ਾ ਦਾ ਵਿਹਾਰਕ ਭਾਸ਼ਾ ਨਾਲੋਂ ਮੂਲ ਅਤੇ ਬੁਨਿਆਦੀ ਫਾਸਲਾ ਇਹ ਹੈ ਕਿ ਕਵਿਤਾ ਦੀ ਭਾਸ਼ਾ ਵਿਹਾਰਕ ਭਾਸ਼ਾ ਦੇ ਨਿਯਮਾਂ ਨੂੰ ਤੋੜ ਕੇ ਸਿਰਜਣਾ ਦੀ ਨਵੀਂ ਭਾਸ਼ਾ ਈਜਾਦ ਕਰ ਲੈਂਦੀ ਹੈ। ਵਾਰਤਕ ਵਿਚ ਭਾਸ਼ਾਈ ਵਿਆਕਰਣ ਦਾ ਪ੍ਰਬੰਧ ਸਜੀਵ ਰਹਿੰਦਾ ਹੈ; ਭਾਵੇਂ ਵਾਰਤਕ ਕਿੰਨੀ ਵੀ ਕਾਵਿਕ ਹੋਵੇ, ਸਿਰਜਣਾਤਮਿਕ ਹੋਵੇ। ਸੋ ਫਿਰ ਕਾਵਿ-ਭਾਸ਼ਾ ਦੀ ਹੋਂਦ ਦਾ ਮੂਲ ਕੀ ਹੋਇਆ? ਸਰਲ ਸ਼ਬਦਾਂ ਵਿਚ ਕਿਹਾ ਜਾਂਦਾ ਹੈ ਕਿ ਕਾਵਿ-ਭਾਸ਼ਾ ਦੀ ਹੋਂਦ ਮੈਟਾਫ਼ੋਰੀਕਲ (ਰੂਪਾਤਮਕ) ਹੈ, ਪਰ ਮੈਟਾਫ਼ੋਰੀਕਲ ਹੋਣਾ ਤਾਂ ਕਾਵਿ-ਜੁਗਤਾਂ ਦਾ ਧਾਰਨੀ ਹੋਣਾ ਹੈ ਜਦੋਂ ਸ਼ਬਦ ਅਤੇ ਸੰਕਲਪ, ਚਿਹਨਾਂ 'ਚ ਪਰਿਵਰਤਿਤ ਹੁੰਦੇ ਹਨ ਅਤੇ ਲੁਕਵੇਂ ਅਰਥਾਂ ਨੂੰ ਸਮੋਈ ਰੱਖਦੇ ਹਨ। ਮੂਲ ਤਾਂ ਇਹੀ ਹੈ ਕਿ ਅੱਜ ਤੱਕ ਕੋਈ ਐਸੀ ਕਵਿਤਾ ਨੇ ਜਨਮ ਨਹੀਂ ਲਿਆ ਜਿਸ ਵਿਚ ਵਿਹਾਰਕ ਵਿਆਕਰਣ ਦੀ ਸਿਧਾਂਤਕੀ ਨਿਯਮਾਵਲੀ ਹੋਵੇ। ਮੈਂ ਇਨ੍ਹਾਂ ਨੂੰ ਇਵੇਂ ਵੀ ਕਹਿੰਦਾ ਹਾਂ ਕਿ ਕਵੀ ਦਾ ਪਹਿਲਾ ਕਰਮ ਤਾਂ ਵਿਹਾਰਕ-ਭਾਸ਼ਾ 'ਤੇ ਫਤਹਿ ਪ੍ਰਾਪਤ ਕਰਕੇ, ਆਪਣੇ ਲਈ ਸਿਰਜਣਾਤਮਿਕ ਭਾਸ਼ਾ ਦੀ ਤਲਾਸ਼ ਕਰਨਾ ਹੈ। ਭਾਸ਼ਾ ਦੀ ਸਿਰਜਣਾਤਮਿਕਤਾ ਸੰਬੰਧੀ ਜਿਹੜੇ ਸਕੂਲ, ਕਵਿਤਾ ਲਈ ਕਾਵਿ-ਜੁਗਤਾਂ ਦੀ ਪਛਾਣ ਦੇ ਕਾਵਿ-ਸ਼ਾਸਤਰ ਦਾ ਦਾਅਵਾ ਕਰਦੇ ਹਨ, ਉਹ ਸਕੂਲ ਤਾਂ ਕਵਿਤਾ ਦੀ ਸੁਹਜ-ਸਿਰਜਣਾ ਦੇ ਤੱਤਾਂ ਦੀ ਹੀ ਤਲਾਸ਼ ਕਰਦੇ ਰਹੇ ਹਨ। ਪਰ ਕੀ ਇਹਨਾਂ ਨੂੰ ਕਿਸੇ ਸਰਬਾਂਗੀ (ਯੂਨੀਵਰਸਲ) ਸਿਧਾਂਤਕੀ 'ਚ ਬੰਨਿਆ ਜਾ ਸਕਦਾ ਹੈ? ਨਹੀਂ ਬੰਨਿਆ ਜਾ ਸਕਦਾ। ਰੂਪਵਾਦ, ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ ਦੇ ਸਾਰੇ ਯਤਨ, ਪ੍ਰਾਪਤ ਕਾਵਿ-ਪਾਠਾਂ ਦੀ ਪਛਾਣ 'ਚੋਂ ਸਿਧਾਂਤਕੀ ਘੜ੍ਹਦੇ ਹਨ ਜਿਹੜੇ ਬਦਲਦੇ ਰਹਿੰਦੇ ਹਨ। ਪਰ ਜੋ ਨਹੀਂ ਬਦਲਿਆ ਉਹ ਹੈ ਵਿਹਾਰਕ ਭਾਸ਼ਾ ਅਤੇ ਕਾਵਿ-ਭਾਸ਼ਾ ਦਾ ਵਖਰੇਵਾਂ। ਅੱਜ ਦੇ ਉਤਰਆਧੁਨਿਕ ਜਾਂ ਕਹਿ ਲਵੋ ਉਤਰਮਾਨਵਵਾਦੀ ਸਮਿਆਂ ਵਿਚ ਵੀ ਜੇਕਰ ਕੋਈ ਪੋਇਮ (Poem) ਕੰਪਿਊਟਰ ਨਿਰਮਿਤ ਹੋਂਦ 'ਚ ਆਈ ਹੈ


www.sanvad.org
ISSN : 2395-1273

ਜਾਂ ਆ ਰਹੀਆਂ ਹਨ- ਵਿਚ ਵੀ ਪ੍ਰਾਪਤ ਸਿਧਾਂਤਕੀ ਵਿਚੋਂ ਉਹ ਡੇਟਾ ਫੀਡ ਕੀਤਾ ਜਾਂਦਾ ਹੈ ਜੋ ਵਾਰਤਕ ਦੀ ਵਿਆਕਰਣ ਤੋਂ ਵੱਖਰਾ ਹੈ। ਇਹੀ ਕਾਰਨ ਹੈ ਕਿ ਕੰਪਿਊਟਰ ਕਵਿਤਾ ਇਹੀ ਨਹੀਂ ਕਿ ਮਾਨਵੀ ਸੰਵੇਦਨਾਵਾਂ ਰਹਿਤ ਹੁੰਦੀ ਹੈ ਸਗੋਂ ਉਸ ਦੀ ਸਿਰਜਣਾਤਮਿਕ ਬਣਤਰ ਅਤੇ ਬੁਣਤੀ ਵੀ ਵਿਸ਼ੇਸ਼ ਸਿਰਜਣਾਤਮਿਕਤਾ ਦੇ ਡੇਟੇ ਅਨੁਕੂਲ ਹੀ ਹੁੰਦੀ ਹੈ। ਕਾਵਿ-ਭਾਸ਼ਾ ਦੀ ਮਾਨਵ-ਸਿਰਜਿਤ ਸਿਰਜਣਾ ਜਦੋਂ ਆਪਣਾ ਰੂਪ ਗ੍ਰਹਿਣ ਕਰਦੀ ਹੈ ਤਾਂ ਉਹ ਕੁਦਰਤੀ ਹੈ ਕਿ ਵਿਹਾਰਕ ਭਾਸ਼ਾ ਤੋਂ ਵੱਖਰੀ ਹੁੰਦੀ ਹੈ, ਆਪਣੀ ਸੌਖ ਲਈ ਮੈਂ ਇਕ ਹਵਾਲਾ ਰੂਸੀ ਰੂਪਵਾਦੀਆਂ ਦਾ ਦੇਣਾ ਚਾਹੁੰਦਾ ਹਾਂ ਜਿਹੜਾ ਗੋਪੀ ਚੰਦ ਨਾਰੰਗ ਨੇ ਆਪਣੀ ਕਿਤਾਬ ’ਚ ਲਿਆ ਹੈ,

> ਰੂਪਵਾਦੀਆਂ ਦਾ ਕਹਿਣਾ ਸੀ ਕਿ, ਸਾਹਿਤ ਵਿਚ ਭਾਸ਼ਾ ਦਾ ਵਿਸ਼ੇਸ਼ ਪ੍ਰਯੋਗ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਉਹ ਸਾਧਾਰਣ ਭਾਸ਼ਾ ਤੋਂ ਕਿਸ ਹੱਦ ਤੱਕ ਵੱਖਰੀ ਰਹਿੰਦੀ ਹੈ ਅਤੇ ਉਸਨੂੰ ਕਿਸ ਹੱਦ ਤੱਕ ਬਦਲਦੀ ਹੈ।...ਸਾਧਾਰਣ ਭਾਸ਼ਾ ਤੋਂ ਜਿਹੜੀ ਚੀਜ਼ ਕਿਸੇ ਸਾਹਿਤਕ ਭਾਸ਼ਾ ਵਾਲੀ ਰਚਨਾ ਤੋਂ ਵੱਖਰਿਆਂ ਕਰਦੀ ਹੈ, ਉਹ ਹੈ ਉਸਦਾ ਬਣਿਆ ਹੋਇਆ ਹੋਣਾ।
>
> (ਕਾਵਿ-ਭਾਸ਼ਾ, ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ
> ਪੂਰਬੀ ਕਾਵਿ-ਸ਼ਾਸਤਰ, ਪੰਨਾ:74, ਗੋਪੀ ਚੰਦ ਨਾਰੰਗ)

ਕਵਿਤਾ ਦੀ ਕਾਵਿ-ਭਾਸ਼ਾ ਦੀ ਸਾਹਿਤਕ-ਸੰਰਚਨਾ ਕਿਵੇਂ ਬਣੀ ਹੋਈ ਹੁੰਦੀ ਹੈ, ਬਾਰੇ ਕੋਈ ਫਿਕਸ ਸਿਧਾਂਤਕ-ਜੁਗਤਾਂ ਨਹੀਂ ਮਿੱਥੀਆਂ ਜਾ ਸਕਦੀਆਂ। ਰੂਪਵਾਦੀਆਂ ਦੀ ਇਹ ਧਾਰਨਾ ਤਾਂ ਦਰੁਸਤ ਹੈ ਕਿ ਸਾਹਿਤਕ ਕਿਰਤ ਨੂੰ ਵਿਸ਼ੇਸ਼ ਕਾਵਿ-ਭਾਸ਼ਾ ਹੀ ਸਾਧਾਰਣ-ਭਾਸ਼ਾ ਤੋਂ ਵਖਰਿਆਉਂਦੀ ਹੈ ਪਰ ਜਦੋਂ ਉਹ ਕਾਵਿ-ਭਾਸ਼ਾ ਸਬੰਧੀ, ਧਾਰਨਾਵਾਂ/ਜੁਗਤਾਂ ਫਿਕਸ ਕਰਦੇ ਹਨ ਤਾਂ ਉਨ੍ਹਾਂ ਕੋਲ ਰੂਸੀ ਪਰੰਪਰਾ ਦੀ ਇਕ ਸਾਹਿਤਕ-ਪਰੰਪਰਾ ਦਾ ਆਧਾਰ ਹੈ ਜਦ ਕਿ ਪੰਜਾਬੀ ਕਾਵਿ-ਪਰੰਪਰਾ ਦੀ ਆਪਣੀ ਵਿਸ਼ੇਸ਼ਤਾ ਅਤੇ ਵਿਲੱਖਣਤਾ ਹੈ। ਦੂਜਾ ਅਹਿਮ ਪੱਖ ਇਹ ਹੈ ਕਿ ਕਾਵਿ-ਭਾਸ਼ਾ ਆਪਣੇ ਬਦਲਦੇ ਇਤਿਹਾਸਿਕ ਪ੍ਰਕਰਣਾਂ ’ਚੋਂ ਰੂਪ ਗ੍ਰਹਿਣ ਕਰਦੀ ਹੈ। ਇਹ ਬਦਲਦੇ ਪ੍ਰਕਰਣ ਯੁੱਗ-ਬੋਧ ਰਾਹੀਂ, ਕਾਵਿ-ਬੋਧ ਦੀ ਥੀਮੈਟਿਕਸ ਨੂੰ ਘੜ੍ਹਦੇ ਹਨ। ਇਤਿਹਾਸ ’ਚ ਵਾਪਰਨ ਵਾਲੀਆਂ ਵੱਡੀਆਂ ਘਟਨਾਵਾਂ ਅਤੇ ਵਰਤਾਰੇ ਵੀ ਥੀਮੈਟਿਕਸ ਨੂੰ ਗਲੋਬਲ ਪੱਧਰ ’ਤੇ ਵੀ ਪ੍ਰਭਾਵਿਤ ਕਰ ਦਿੰਦੇ ਹਨ। ਮਸਲਨ ਉਤਰਆਧੁਨਿਕ-ਪ੍ਰਵਚਨਾਂ ਦੇ ਆਗਾਜ਼ ਦਾ ਮੁੱਖ ਆਧਾਰ ਮਹਾਂ-ਬਿਰਤਾਂਤ ਦੇ ਸਿਰਜਣਾਤਮਿਕ ਸੁਪਨੇ ਦਾ ਟੁੱਟਣਾ ਰਿਹਾ ਹੈ ਜਿਸਦੇ ਰਾਜਨੀਤਿਕ ਪ੍ਰਸੰਗ, ਇਤਿਹਾਸ ਅਤੇ ਆਪਣੀ ਰਾਜਨੀਤੀ ਰਹੀ ਹੈ।

ਇਹ ਤਾਂ ਕਵਿਤਾ ਦੇ ਹੋਣ ਨਾਲ ਸਬੰਧਿਤ, ਕਾਵਿ-ਸ਼ਾਸਤਰ ਦੀ ਵੰਨਗੀ ਦੇ ਵਿਚਾਰ ਹੀ ਸਨ ਜੋ ਮੈਂ ਕਾਵਿ-ਭਾਸ਼ਾ ਅਤੇ ਵਿਹਾਰ-ਭਾਸ਼ਾ ਦੇ ਨਿਖੇੜੇ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਹ ਵੀ ਠੀਕ ਹੈ ਕਿ ਇਸ ਬਾਰੇ ਅਰਸਤੂ ਤੋਂ ਲੈ ਕੇ ਅੱਜ ਤੱਕ, ਬਥੇਰਾ ਕਿਹਾ ਜਾ ਚੁੱਕਾ ਹੈ। ਅਸੀਂ ਅਸਲ ਮੁੱਦੇ ਵੱਲ ਆਉਂਦੇ ਹਾਂ ਕਿ ਕਵਿਤਾ ਦੀ ਪੜ੍ਹਤ ਦੀ ਥਾਹ ਕਿਵੇਂ ਪਾਈ ਜਾਵੇ? ਇਕ ਬੜਾ ਬੁਨਿਆਦੀ ਸਵਾਲ ਇਹ ਵੀ ਹੈ ਕਿ ਕਵਿਤਾ ਦੀਆਂ ਐਨੀਆਂ ਵੰਨਗੀਆਂ ਹਨ; ਪਰਤਾਂ ਹਨ; ਪੱਧਰ ਹਨ; ਵਿਚਾਰ ਸ਼ਰਿੰਖਲਾਵਾਂ ਹਨ ਕਿ ਚੰਗੀ ਕਵਿਤਾ ਬਾਰੇ ਵੀ, ਕਈ ਭੱਦਰਪੁਰਸ਼ ਸਮਝੇ ਜਾਂਦੇ ਪਾਠਕ ਵੀ ਭੰਬਲਭੂਸੇ ਵਿਚ ਪੈ ਜਾਂਦੇ ਹਨ ਅਤੇ ਚੰਗੀ ਕਵਿਤਾ ਨੂੰ ਨਿੰਦੀ ਜਾਂਦੇ ਹਨ। ਇਹ ਦਾਇਰੇ ਦੀ ਗੱਲ ਹੈ? ਸੰਕੀਰਣਤਾ ਹੈ? ਜਾਂ ਵਿਚਾਰ ਦੀ ਗੱਲ ਹੈ? ਇਹ ਸਭ ਹੈ। ਪਰ ਕਵਿਤਾ ਦੀਆਂ ਵੰਨਗੀਆਂ ਜਾਂ ਪੱਧਰਾਂ/ਪਰਤਾਂ ਬਾਰੇ ਸਤੀ ਕੁਮਾਰ ਦੇ ਵਿਚਾਰ ਦੇਖਦੇ ਹਾਂ ਜੋ ਮੇਰੀ ਇਸ ਚਰਚਾ ਨੂੰ ਇਥੇ ਤਰਕ ਸੰਗਤ ਬਣਾਉਣ ਲਈ ਸਹਾਈ ਹੋ ਰਹੇ ਹਨ। ਉਹ ਕਹਿੰਦਾ ਹੈ:

> ਕਵਿਤਾ ਪੇਂਟ ਕੀਤੇ ਚਿੱਤਰ ਵਾਂਗ ਹੁੰਦੀ ਹੈ। ਕਦੇ ਨੇੜਿਉਂ ਨਿਰੀਖਣ ਕਰਨ ਨਾਲ ਗ੍ਰਹਿਣ ਹੁੰਦੀ ਹੈ, ਜਦੋਂ ਕਿ ਕੁਝ ਕਿਰਤਾਂ ਦੂਰੀ ਤੋਂ ਸਮਝ ਆਉਂਦੀਆਂ ਹਨ। ਕੁੱਝ ਮੱਧਮ ਰੌਸ਼ਨੀ ਮੰਗਦੀਆਂ ਹਨ, ਤੇ ਕੁਝ ਦਿਨ ਦੇ ਤੇਜ਼ ਪ੍ਰਕਾਸ਼ ’ਚ ਆਪਣੇ ਮੁਨਸਿਫ਼ ਦਾ ਸਾਹਮਣਾ ਕਰਦੀਆਂ ਹਨ। ਕੁਝ ਪਹਿਲੀ ਨਜ਼ਰ ’ਤੇ ਹੀ ਪ੍ਰਭਾਵ ਪਾ ਜਾਂਦੀਆਂ ਹਨ, ਤੇ ਕੁਝ ਦੀ ਆਦਤ ਸਾਨੂੰ ਬਹੁਤ ਵਕਤ ਪਿੱਛੋ ਪੈਂਦੀ ਹੈ, ਤੇ ਤਦ ਵਧੇਰੇ ਚੰਗੀਆਂ ਲਗਦੀਆਂ ਹਨ।
>
> (ਪੰਜਾਬੀ ਕਵਿਤਾ ਦਾ ਦਿਓਗਣ: ਸੋਹਣ ਕਾਦਰੀ,
> ਸੋਹਨ ਕਾਦਰੀ ਦੀ ਕਾਵਿ-ਕਿਤਾਬ ‘ਅੰਤਰ-ਝਾਤੀ’ ਵਿਚੋਂ, ਪੰਨਾ:11, 2003)

ਸਤੀ ਕੁਮਾਰ ਦੀਆਂ ਇਨ੍ਹਾਂ ਸਤਰਾਂ ਵਿਚੋਂ ਮੈਂ ਆਪਣਾ ਜਾਤੀ ਅਨੁਭਵ ਸਾਂਝਿਆਂ ਕਰਕੇ ਇਹ ਸਮਝਣਾ ਚਾਹੁੰਦਾ ਹੈ ਕਿ ਕੁਝ ਕਿਤਾਬਾਂ ਜਾਂ ਕਵਿਤਾ ਦੇਰ ਬਾਅਦ ਕਿਉਂ ਸਮਝ ਆਉਂਦੀ ਹੈ। ਮੈਂ 1990 ਵਿਚ ਆਪਣੀ ਪੀਐੱਚ.ਡੀ ਸ਼ੁਰੂ ਕੀਤੀ ਅਤੇ ਵਿਸ਼ਾ ਰੱਖਿਆ, “ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰ” ਜਿਸ ਵਿਚ ਆਧੁਨਿਕ ਕਵੀਆਂ ਦੇ ਸੁਹਜ-ਸ਼ਾਸਤਰ ਦੇ ਅਧਿਐਨ ਵਿਚ ਹਰਿਭਜਨ ਸਿੰਘ ਦੀ ਕਵਿਤਾ ਵੀ ਸ਼ਾਮਿਲ ਸੀ। ਪਰ

ਛੇ ਮਹੀਨਿਆਂ ਵਿਚ ਹੀ ਮੈਨੂੰ ਸਮਝ ਆ ਗਈ ਕਿ ਮੇਰੇ ਤੋਂ ਹਰਿਭਜਨ ਸਿੰਘ ਦੀ ਕਵਿਤਾ ਨਾਲ ਇਨਸਾਫ਼ ਨਹੀਂ ਹੋ ਰਿਹਾ। 'ਰੁੱਖ ਤੇ ਰਿਸ਼ੀ' ਦੇ ਉਮੀ ਮਾਨਵ ਦੇ ਸੰਕਲਪ ਦੀ ਸਹੀ ਦਾਰਸ਼ਨਿਕ ਤਲਾਸ਼ ਨਹੀਂ ਹੋ ਰਹੀ ਅਤੇ ਨਾ ਹੀ ਇਕ ਡੂੰਘਾਈ ਨਾਲ ਸਮਝ ਆ ਰਿਹਾ ਕਿ 'ਘੇਰਿਆਂ ਤੋਂ ਪਾਰ ਦੀ ਕਵਿਤਾ' ਦੇ ਵਿਚਾਰਧਾਰਕ ਅਰਥ ਸਹੀ ਸਹੀ ਕੀ ਹਨ- ਇਸ ਕਾਵਿ-ਪਾਠ ਵਿਚ ਵੀਹ ਸਾਲਾਂ ਬਾਅਦ ਉਤਰਆਧੁਨਿਕਤਾ ਅਤੇ ਅਸਤਿਤਵਵਾਦੀ ਫ਼ਲਸਫ਼ਾ ਪੜ੍ਹਨ ਤੋਂ ਬਾਅਦ ਮੈਂ 'ਰੁੱਖ ਤੇ ਰਿਸ਼ੀ' ਬਾਰੇ ਲਿਖ ਸਕਿਆ। ਮੈਂ ਉਦੋਂ ਹਰਿਭਜਨ ਸਿੰਘ ਦੀ ਕਵਿਤਾ ਨੂੰ ਆਪਣੀ ਖੋਜ ਵਿਚ ਸ਼ਾਮਿਲ ਨਹੀਂ ਕੀਤਾ-ਇਹ ਮੇਰੇ ਗਿਆਨ ਦੀ ਸੀਮਾ ਦਾ ਕਾਰਨ ਸੀ। ਕਵਿਤਾ ਵਿਚ ਫ਼ਿਲਾਸਫ਼ੀ ਹੁੰਦੀ ਹੈ ਜਾਂ ਕਵਿਤਾ ਇਕ ਵਿਸ਼ਵ ਪ੍ਰਸਿੱਧ ਕਵੀ ਦੇ ਕਹਿਣ ਮੁਜਬ ਕਿ ਕਵਿਤਾ ਫ਼ਿਲਾਸਫ਼ੀ ਦੀ ਭੈਣ ਹੁੰਦੀ ਹੈ ਪਰ ਮੇਕਅਪ ਕਰਦੀ ਹੈ, ਹੁਣ ਇਹ ਉਕਤੀਆਂ ਜਿਆਦਾ ਸਮਝ ਆਉਂਦੀਆਂ ਹਨ। ਸੋ ਕਵਿਤਾ ਦੀ ਪੜ੍ਹਤ ਲਈ ਇਹ ਲਾਜ਼ਮੀ ਹੈ ਕਿ ਪਾਠਕ ਕਿਹੜੀ ਕਵਿਤਾ ਪੜ੍ਹ ਰਿਹਾ ਹੈ ਅਤੇ ਪਾਠਕ ਦੀ ਗਿਆਨ ਦੀ ਸੀਮਾ ਕਿੰਨੀ ਹੈ, ਕਿਸ ਕਿਸਮ ਦੀ ਹੈ? ਕਿਸ ਕਿਸਮ ਦੀ ਤੋਂ ਭਾਵ ਇਹ ਹੈ ਕਿ ਪਾਠਕ ਦੇ ਵਿਚਾਰਾਂ ਦਾ ਦਾਇਰਾ ਅਤੇ ਪ੍ਰਤਿਬੱਧਤਾ ਦਾ ਪੱਧਰ ਕੀ ਹੈ? ਮਸਲਨ ਤੁਸੀਂ ਆਪਣੇ ਵਿਦਿਆਰਥੀਆਂ ਨੂੰ ਇਹ ਤਾਂ ਦੱਸ ਦੇਵੋਗੇ ਕਿ ਪਾਸ਼ ਪੰਜਾਬੀ ਦੀ ਕ੍ਰਾਂਤੀਕਾਰੀ ਕਵਿਤਾ ਦਾ ਵੱਡਾ ਕਵੀ ਹੈ; ਜੁਝਾਰਵਾਦ ਦੀ ਕਾਵਿ-ਧਾਰਾ ਦਾ ਪ੍ਰਮੁੱਖ ਹਸਤਾਖ਼ਰ ਹੈ। ਪਰ ਤੁਸੀਂ 'ਕਾਮਰੇਡ ਨਾਲ ਗੱਲਬਾਤ' ਕਵਿਤਾ ਨਾਲ ਉਨ੍ਹਾਂ ਨੂੰ ਜੋੜ ਲਵੋਂਗੇ, ਸੰਭਵ ਨਹੀਂ।

'ਕਾਮਰੇਡ ਨਾਲ ਗੱਲਬਾਤ' ਇਕ ਵਿਚਾਰਧਾਰਕ ਸੰਵਾਦ ਹੈ ਜਿਹੜਾ ਨਕਸਲਬਾੜੀ ਅੰਦੋਲਨ ਦੀ ਵਿਫ਼ਲਤਾ ਤੋਂ ਬਾਅਦ, ਉਸ ਮੱਧਵਰਗ ਨੂੰ ਵਿਸ਼ਲੇਸ਼ਿਤ ਕਰਦਾ ਹੈ ਜਿਸ ਦੀ ਪਾਸ਼ ਮੁਤਾਬਕ ਕ੍ਰਾਂਤੀ ਨਾਲ ਪ੍ਰਤਿਬੱਧਤਾ ਜ਼ਿਹਨੀ ਨਹੀਂ ਹੁੰਦੀ; ਉਹ ਕਦੇ ਵੀ ਭਗੌੜਾ ਹੋ ਜਾਂਦਾ ਹੈ ਆਪਣੀਆਂ ਸਵਾਰਥੀ ਜਾਂ ਸੌਖ ਦੀਆਂ ਪ੍ਰਵਿਰਤੀਆਂ ਕਾਰਨ ਇਹ ਕਵਿਤਾ ਵੀ ਉਨ੍ਹਾਂ ਨੂੰ ਵਧੇਰੇ ਪ੍ਰਭਾਵਿਤ ਕਰੇਗੀ ਜਿਹੜੇ ਨਕਸਲਵਾੜੀ ਅੰਦੋਲਨ ਦੇ ਇਤਿਹਾਸ ਨੂੰ ਜਾਣਦੇ ਹਨ, ਕੁਝ ਦਿਲਚਸਪੀ ਰੱਖਦੇ ਹਨ। ਸੋ ਕਾਵਿ-ਧਾਰਾਵਾਂ ਦੀ ਕਵਿਤਾ ਨੂੰ ਪੜ੍ਹਨ ਲਈ, ਪਾਠਕ ਨੂੰ ਆਪਣੀ ਜ਼ਮੀਨ ਦੀ ਤਲਾਸ਼ ਕਰਨੀ ਪਵੇਗੀ, ਪੰਜਾਬੀ ਦੀ ਬੌਧਿਕ ਕਵਿਤਾ ਅਤੇ ਕਾਵਿ-ਧਾਰਾਵਾਂ ਦੀ ਕਵਿਤਾ ਲਈ ਸੁਜੱਗ ਕਿਸਮ ਦੇ ਪਾਠਕ ਦੀ ਜ਼ਰੂਰਤ ਹੈ -ਇਸ ਕਵਿਤਾ ਦੀ ਸੁਹਜ-ਸੰਵੇਦਨਾ ਨੂੰ ਮਾਨਣ ਲਈ ਵੀ ਗਿਆਨ ਦੀ ਲੋੜ, ਪ੍ਰਤਿਬੱਧਤਾ ਦੀ ਲੋੜ ਬਣੀ ਰਹੇਗੀ। ਜਿਸ ਦੇਰ ਨਾਲ ਸਮਝ ਆਉਣ ਵਾਲੀ ਕਵਿਤਾ ਦਾ ਜ਼ਿਕਰ ਸਤੀ ਕਰਦਾ ਹੈ ਉਸ ਦਾਇਰੇ ਵਿਚ ਪੰਜਾਬੀ ਦੀ ਬਹੁਤ ਸਾਰੀ ਕਵਿਤਾ ਆ ਜਾਂਦੀ ਹੈ ਜਿਸ ਨੂੰ ਮੈਂ ਪੰਜਾਬੀ ਕਾਵਿ-ਪਰੰਪਰਾ ਦੀ ਬੌਧਿਕ ਕਾਵਿ-ਵਿਰਾਸਤ ਕਹਿਣਾ ਚਾਹੁੰਦਾ ਹਾਂ। ਇਹ ਨਾਂ ਹਰਿਭਜਨ ਸਿੰਘ ਸਮੇਤ ਕਈ ਹਨ।

**ਕਵਿਤਾ ਦੀ ਪੜ੍ਹਤ ਦੇ ਸਮੂਹਿਕ ਦਾਇਰੇ ਅਤੇ ਵਿਚਾਰਧਾਰਾ ਦਾ ਮਸਲਾ:**

ਕਵਿਤਾ ਦੀ ਪੜ੍ਹਤ ਦੇ ਸਮੂਹਕ ਦਾਇਰੇ ਤੋਂ ਮੇਰਾ ਭਾਵ ਕੀ ਹੈ? ਸਮਝਦੇ ਹਾਂ। ਸਾਧਾਰਨ ਸ਼ਬਦਾਂ ਜਾਂ ਸੌਖੀ ਤਰ੍ਹਾਂ ਸਮਝਣ ਤੋਂ ਜੇ ਇਸ ਦਾ ਭਾਵ ਲੈਣਾ ਹੈ ਤਾਂ ਉਹ ਕਵਿਤਾ ਜਿਸ ਦੇ ਪਾਠਕ ਇਕ ਵਿਸ਼ੇਸ਼ ਸਮੂਹ ਹੁੰਦੇ ਹਨ। ਇਨ੍ਹਾਂ ਦੀ ਗਿਣਤੀ ਚੋਖੀ ਹੋ ਸਕਦੀ ਹੈ- ਦਾਇਰਿਆਂ ਦੀ ਵਿਚਾਰਕ ਗਿਣਤੀ ਦੇ ਹਿਸਾਬ ਨਾਲ। ਇਸ ਵਰਤਾਰੇ ਬਾਰੇ ਵਿਲੀਅਮਜ਼ ਰੇਮੰਡ ਆਪਣੇ ਇਕ ਲੇਖ 'ਗੁੱਟਬੰਦੀ ਅਤੇ ਪ੍ਰਤਿਬੱਧਤਾ' (Alignment and Commitment) ਵਿਚ ਬਹੁਤ ਹੀ ਗੰਭੀਰਤਾ ਨਾਲ ਵਿਸ਼ਲੇਸ਼ਿਤ ਕਰਦਾ ਹੈ। ਵਿਲੀਅਮ ਰੇਮੰਡ ਬਾਰੇ ਸਾਹਿਤ-ਚਿੰਤਨ ਦੀ ਵਾਕਫ਼ੀ ਰੱਖਣ ਵਾਲੇ ਸੱਜਣ ਜਾਣਦੇ ਹਨ ਕਿ ਉਹ ਇਕ ਮਾਰਕਸਵਾਦੀ ਚਿੰਤਕ ਸੀ ਜਿਸਨੂੰ ਮੈਂ ਸਨਾਤਨੀ ਮਾਰਕਸਵਾਦੀ ਨਾਲੋਂ ਲਿਬਰਲ ਅਤੇ ਨਵ ਮਾਰਕਸਵਾਦੀ ਸਾਹਿਤ ਚਿੰਤਕ ਕਹਿਣਾ ਵਧੇਰੇ ਦਰੁਸਤ ਮੰਨਦਾ ਹਾਂ। ਉਸਦਾ ਵਿਚਾਰ ਹੈ ਕਿ ਸਾਹਿਤ ਗੁੱਟਬੰਦਕ ਹੋ ਸਕਦਾ ਹੈ ਜਾਂ ਕਈ ਵਾਰ ਹੁੰਦਾ ਹੈ। ਇਸ ਬਾਰੇ ਟਰਾਟਸਕੀ, ਗ੍ਰਾਮਸ਼ੀ, ਲੂਸ਼ਨ ਅਤੇ ਖ਼ੁਦ ਮਾਓ-ਜੇ-ਤੁੰਗ ਵਰਗੇ ਦਿਉਕੱਦ ਚਿੰਤਕਾਂ ਨੇ ਆਪਣੀਆਂ ਲਿਖਤਾਂ ਵਿਚ ਜ਼ਿਕਰ ਕੀਤਾ ਹੈ ਕਿ ਪਾਰਟੀ ਪ੍ਰਤਿਬੱਧਤਾ ਵਾਲਾ ਸਾਹਿਤ, ਵਿਸ਼ੇਸ਼ ਉਦੇਸ਼ ਨੂੰ ਰੱਖਕੇ ਲਿਖਿਆ ਜਾਂਦਾ ਹੈ। ਇਸੇ ਪ੍ਰਸੰਗ ਵਿਚ ਕਿਹਾ ਜਾਂਦਾ ਹੈ ਕਿ ਸਾਹਿਤ 'ਸਮਾਜ ਦਾ ਸ਼ੀਸ਼ਾ ਨਹੀਂ, ਸਮਾਜ ਨੂੰ ਬਦਲਣ ਵਾਲਾ ਹਥੌੜਾ ਹੁੰਦਾ ਹੈ।'(ਬਰਤੋਲਤ ਬਰੈਖ਼ਤ) ਰੇਮੰਡ ਵਿਲੀਅਮਜ਼ ਜਿਹੜੀ ਪਤੇ ਦੀ ਗੱਲ ਕਹਿੰਦਾ ਹੈ ਉਹ ਸਾਹਿਤਕ ਦਾਇਰਿਆਂ ਦੀ ਹੈ; ਸਮੂਹਾਂ ਦੀ ਹੈ; ਵਿਚਾਰਾਂ ਦੀ ਹੈ; ਪ੍ਰਤਿਬੱਧਤਾ ਦੇ ਵਿਚਾਰਧਾਰਕ ਹੋਣ ਦੀ ਹੈ- ਨਿਰਸੰਦੇਹ ਗੁੱਟਬੰਦਕ ਹੋਣ ਦੀ। ਪੰਜਾਬੀ ਕਾਵਿ-ਪਰੰਪਰਾ ਵਿਚ ਇਸਦਾ ਪ੍ਰਭਾਵ ਅਜੇ ਵੀ ਬਰਕਰਾਰ ਹੈ- ਬਦਲਦੇ ਪ੍ਰਸੰਗਾਂ ਵਿਚ, ਨਵੇਂ ਰੂਪਾਂ ਵਿਚ। ਮੈਂ ਸਮਝਦਾ ਹਾਂ ਕਿ ਪ੍ਰਤਿਬੱਧਤਾ ਅਤੇ ਗੁੱਟਬੰਦੀ ਕਾਰਨ, ਇਕ ਵਿਸ਼ੇਸ਼ ਤਰ੍ਹਾਂ ਦੇ ਪੰਜਾਬੀ ਦੇ ਪਾਠਕਾਂ ਦੇ ਸਮੂਹਕ ਦਾਇਰੇ ਬਣਦੇ ਰਹੇ ਹਨ। ਮਸਲਨ ਜਿਨ੍ਹਾਂ ਪਾਠਕਾਂ ਦਾ ਸਬੰਧ ਖੱਬੇਪੱਖੀ ਵਿਚਾਰਧਾਰਾ ਨਾਲ ਸੀ ਅਤੇ ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਨਾਲ ਸਬੰਧਿਤ ਸਨ ਉਹ ਪੰਜਾਬੀ ਦੀ ਪ੍ਰਗਤੀਵਾਦੀ ਕਵਿਤਾ ਲਈ ਲੰਮਾ ਸਮਾਂ ਵਰਦਾਨ ਸਾਬਿਤ ਹੁੰਦੇ ਰਹੇ। ਪੰਜਾਬੀ

ਦੀ ਪ੍ਰਗਤੀਵਾਦੀ ਕਹੀ ਜਾਣ ਵਾਲੀ ਕਵਿਤਾ ਨੂੰ ਕਈ-ਕਈ ਸੈਂਕੜੇ ਪਾਠਕਾਂ ਦਾ ਹੁੰਗਾਰਾ ਇਸੇ ਕਾਰਨ ਮਿਲਦਾ ਰਿਹਾ ਹੈ ਕਿ ਇਸ ਸੋਚ ਦੇ ਪਾਠਕਾਂ ਦੀ ਇਕ ਦੌਰ ਵਿਚ ਗਿਣਤੀ ਕਾਫ਼ੀ ਸੀ। ਜਿਵੇਂ ਜਿਵੇਂ ਇਸ ਸੋਚ ਦੇ ਪਾਠਕ ਘੱਟਦੇ ਗਏ ਤਿਵੇਂ-ਤਿਵੇਂ ਇਹ ਕਵਿਤਾ ਵੀ ਮੱਧਮ ਪੈਂਦੀ ਗਈ। ਇਸੇ ਤਰ੍ਹਾਂ ਜੁਝਾਰਵਾਦੀ ਕਾਵਿ-ਧਾਰਾ (ਨਕਸਲਵਾੜੀ ਅੰਦੋਲਨ ਤੋਂ ਪ੍ਰਭਾਵਿਤ ਕਵਿਤਾ) ਨਾਲ ਵੀ ਹੋਇਆ। ਇਸ ਤੋਂ ਬਾਅਦ ਸਪਸ਼ਟ ਹੁੰਦਾ ਹੈ ਕਿ ਕਵਿਤਾ ਦੀ ਗੁਣਵੱਤਾ ਨਾਲੋਂ, ਇੱਥੇ ਪ੍ਰਤਿਬੱਧਤਾ ਦਾ ਗੁੱਟਬੰਦਕ ਹੋਣਾ ਹੁੰਦਾ ਹੈ। ਪਰ ਕੀ ਗੁਟਬੰਦਕ ਪ੍ਰਤਿਬੱਧਤਾ ਵਾਲੀ ਕਵਿਤਾ ਪ੍ਰਤਿਭਾਸ਼ਾਲੀ ਜਾਂ ਨਰੋਏ ਸੁਹਜਾਤਮਕ ਗੁਣਾਂ ਤੋਂ ਵਿਰਵੀ ਹੁੰਦੀ ਹੈ? ਬੜਾ ਮਹੱਤਵਪੂਰਨ ਸਵਾਲ ਹੈ। ਜਦੋਂ ਪੱਛਮ ਦੀ ਕ੍ਰਾਂਤੀ (ਪੱਛਮੀ ਅਤੇ ਮਾਓਵਾਦੀ) ਅਤੇ ਚੀਨ ਦੇ ਇਨਕਲਾਬਾਂ ਦੀ ਗੱਲ ਸਾਹਿਤ ਚਿੰਤਨ ਵਿਚ ਚਲ ਰਹੀ ਸੀ ਉਦੋਂ ਇਹ ਸਵਾਲ ਵੀ ਬਣਿਆ ਰਿਹਾ ਕਿ ਗੁਟਬੰਦਕ ਸਾਹਿਤ ਨੂੰ ਗੁਣਵੱਤਾ ਵਾਲਾ ਵੀ ਹੋਣਾ ਚਾਹੀਂਦਾ ਹੈ। ਇਸੇ ਲਈ ਸ਼ਾਇਦ ਇਹ ਕਿਹਾ ਗਿਆ ਕਿ ਸਾਰਾ ਸਾਹਿਤ ਹੀ ਪ੍ਰਚਾਰ ਹੁੰਦਾ ਹੈ ਪਰ ਪ੍ਰਚਾਰ ਆਪਣੇ ਆਪ ਵਿਚ ਸਾਹਿਤ ਨਹੀਂ ਹੁੰਦਾ (ਇਹ ਚਰਚਾ ਮਾਉ, ਲੂਸ਼ਨ ਅਤੇ ਏਂਗਲਜ਼ ਦੀਆਂ ਲਿਖਤਾਂ ਵਿਚ ਦੇਖੀ ਜਾ ਸਕਦੀ ਹੈ) ਸੋ ਗੁਟਬੰਦਕ ਸਾਹਿਤ ਵਿਸ਼ਵ ਪੱਧਰ 'ਤੇ ਸਮਾਜਵਾਦੀ ਵਿਚਾਰਧਾਰਾਵਾਂ ਦੇ ਉਥਾਨ ਸਮੇਂ ਵਧੇਰੇ ਚਰਚਾ ਵਿਚ ਰਿਹਾ ਅਤੇ ਗੁਟਬੰਦਕ ਸਾਹਿਤ ਦੀ ਲੰਮੀ ਪਰੰਪਰਾ ਵੀ ਰਹੀ ਅਤੇ ਇਸ ਸਾਹਿਤ ਦੇ ਪਾਠਕ ਵੀ ਵਿਸ਼ੇਸ਼ ਵਿਚਾਰਧਾਰਾ ਵਾਲੇ ਰਹੇ। ਇਹ ਪਾਠਕ, ਆਪਣੀ ਵਿਚਾਰਧਾਰਾ ਦੇ ਪੱਖ ਤੋਂ 'ਸੁਜੱਗ' ਪਾਠਕਾਂ ਦੇ ਘੇਰੇ ਵਿਚ ਹੀ ਰੱਖੇ ਜਾਣੇ ਚਾਹੀਦੇ ਹਨ। ਮੈਂ ਕਵਿਤਾ ਬਾਰੇ, ਕਵਿਤਾ ਦੀ ਪੜ੍ਹਤ ਬਾਰੇ ਗੱਲ ਕਰ ਰਿਹਾ ਸੀ ਸੋ ਕਵਿਤਾ ਦੀ ਪੜ੍ਹਤ ਦੀ ਕੋਈ ਇਕ ਸਰਬਾਂਗੀ ਪੜ੍ਹਤ ਦਾ ਨਿਰਮਾਣ ਕਰਨਾ ਮੇਰੀ ਜਾਚੇ, ਵਿਚਾਰਧਾਰਕ ਪ੍ਰਤਿਬੱਧਤਾ ਅਤੇ ਗੁਟਬੰਦੀ ਦਾ ਮਸਲਾ ਤਾਂ ਹੈ ਹੀ- ਇਹ ਰੁਝਾਨ ਕਦੋਂ ਤਾਨਾਸ਼ਾਹੀ ਪੜ੍ਹਤ ਵਿਚ ਤਬਦੀਲ ਹੋ ਜਾਂਦਾ ਹੈ ਨੂੰ ਜ਼ਰੂਰ ਵਿਚਾਰਿਆ ਜਾਣਾ ਚਾਹੀਂਦਾ ਹੈ। ਜਦੋਂ ਕੋਈ 'ਪੜ੍ਹਤ ਦਾ ਦਾਇਰਾ' ਇਹ ਦਾਅਵਾ ਠੋਕ ਦਿੰਦਾ ਹੈ ਕਿ ਇਹੀ ਕਵਿਤਾ ਪੜ੍ਹਨ ਦਾ ਸਹੀ ਮਾਡਲ ਹੈ ਤਾਂ ਤਾਨਸ਼ਾਹੀ ਰਵੱਈਆ ਹੀ ਪ੍ਰਗਟ ਹੋ ਰਿਹਾ ਹੁੰਦਾ ਹੈ। ਪੰਜਾਬੀ ਕਾਵਿ-ਆਲੋਚਨਾ ਇਸ ਰਵੱਈਏ ਦਾ ਸ਼ਿਕਾਰ ਰਹੀ ਹੈ, ਅੱਜ ਤੱਕ ਵੀ ਹੈ, ਅਧਿਐਨ ਅਤੇ ਪੜ੍ਹਤ ਵਿਚ ਵੀ ਫਰਕ ਹੈ। ਅਧਿਐਨ ਅਕਾਦਮਿਕ ਅਤੇ ਬੌਧਿਕ ਵਰਤਾਰਾ ਹੈ ਜਿਸਦਾ ਆਗਮਨ ਹੀ ਬੌਧਿਕ/ਅਕਾਦਮਿਕਤਾ ਦੇ ਪ੍ਰਚਲਨ ਨਾਲ ਸ਼ੁਰੂ ਹੋਇਆ ਦੇਖਿਆ ਜਾ ਸਕਦਾ, ਜਿਸਦਾ ਜ਼ਿਕਰ ਲੇਖ ਦੇ ਅਗਲੇ ਹਿੱਸੇ 'ਚ ਕਰਾਂਗਾ। ਫ਼ਿਲਹਾਲ ਮੈਂ ਕਵਿਤਾ ਦੀ ਪੜ੍ਹਤ ਦੇ ਵਿਸ਼ੇਸ਼ ਦਾਇਰਿਆਂ ਦਾ ਸੰਖਿਪਤ ਜ਼ਿਕਰ ਕੀਤਾ ਹੈ ਕਿ ਕਿਵੇਂ ਆਪੋ ਆਪਣੇ ਵਿਚਾਰਧਾਰਕ ਦਾਇਰੇ, ਗੁਟਬੰਦਕ ਪ੍ਰਤਿਬੱਧਤਾ ਰਾਹੀਂ, ਕਵਿਤਾ ਨੂੰ ਪੜ੍ਹਦੇ ਹਨ ਅਤੇ ਸਿੱਟੇ ਕੱਢਦੇ ਹਨ। ਇਹ ਵਿਚਾਰਧਾਰਕ ਕੇਂਦਰਵਾਦ ਹੈ ਜਿਸ ਵਿਚ ਕਵਿਤਾ ਦੀ ਚੋਣ ਵੀ ਵਿਸ਼ੇਸ਼ ਹੋ ਜਾਂਦੀ ਹੈ। ਪਰ ਪੜ੍ਹਤ ਦੇ ਇਸ ਸਮੂਹਕ ਰੁਝਾਨ ਤੋਂ ਛੁੱਟ ਇਕ ਪੜ੍ਹਤ ਉਹ ਵੀ ਹੁੰਦੀ ਹੈ ਜਾਂ ਹੈ ਜਿਹੜੀ ਵਿਅਕਤੀਗਤ ਪੜ੍ਹਨਯੋਗਤਾ ਆਧਾਰਿਤ ਹੁੰਦੀ ਹੈ।

ਇਸ ਲਈ ਮੈਂ ਅਕਸਰ ਕਿਹਾ ਹੈ ਕਿ ਕਵਿਤਾ ਦਾ ਸੁਜੱਗ ਪਾਠਕ, ਆਪਣੀ ਵਿਅਕਤੀਗਤ ਪੜ੍ਹਨਯੋਗਤਾ ਰਾਹੀਂ, ਕਵਿਤਾ ਹੀ ਨਹੀਂ ਪੜ੍ਹ ਰਿਹਾ ਹੁੰਦਾ ਉਹ ਆਪਣੇ ਆਪ ਨੂੰ ਵੀ ਪੜ੍ਹਾ ਰਿਹਾ ਹੁੰਦਾ ਹੈ। ਕਵਿਤਾ ਦੀ ਟੈਕਸਟ ਦੇ ਕੀ ਅਰਥ (ਚਿਹਨਕ) ਹਨ, ਨੂੰ ਉਹ ਆਪਣੀ ਨਜ਼ਰ ਨਾਲ ਪੜ੍ਹ ਰਿਹਾ ਹੁੰਦਾ ਹੈ। ਕਵਿਤਾ ਹੋਰ ਸਾਹਿਤ ਰੂਪਾਂ ਦੇ ਨਿਸਬਤ ਵਧੇਰੇ ਮੈਟਾਫ਼ੋਰੀਕਲ (ਰੂਪਾਤਮਕ) ਹੁੰਦੀ ਹੈ। ਕਵੀ ਆਪਣੀ ਗੱਲ, ਸੁਨੇਹਾ ਜਾਂ ਸੰਕੇਤ ਲਈ ਪਰੰਪਰਕ ਵਿਆਕਰਣ ਨੂੰ ਤੋੜ ਕੇ ਇਕ ਕਾਵਿਕ-ਵਿਆਕਰਣ ਦੀ ਤਲਾਸ਼ ਕਰਦਾ ਹੈ। ਉਹ ਆਪਣੀ ਸਮਰੱਥਾ, ਗਿਆਨ ਅਤੇ ਸੁਹਜ-ਗ੍ਰਹਿਣ ਅਨੁਭਵਾਂ ਰਾਹੀਂ ਨਵੀਂ, ਮੌਲਿਕ ਅਤੇ ਸੁਹਜਾਤਮਕ ਵਿਆਕਰਣ ਦੀ ਸੰਰਚਨਾ ਰਾਹੀਂ ਕਵਿਤਾ ਸਿਰਜਦਾ ਹੈ। ਇਸ ਨੂੰ ਸਾਹਿਤ ਦੀ ਭਾਸ਼ਾ ਵਿਚ ਸਿਰਜਣਾਤਮਿਕ ਵਿਆਕਰਣ ਕਿਹਾ ਜਾਣਾ ਚਾਹੀਦਾ ਹੈ। ਹਰ ਕਵੀ ਦੀ ਆਪਣੀ ਵਿਲੱਖਣ ਅਤੇ ਮੌਲਿਕ ਵਿਆਕਰਣ ਕਾਰਜਸ਼ੀਲ ਰਹਿੰਦੀ ਹੈ। ਇਹੀ ਕਾਰਣ ਹੈ ਕਿ ਇਕੋ ਧਾਰਾ ਨਾਲ ਸੰਬੰਧਿਤ ਪ੍ਰਤਿਬੱਧ ਕਵੀਆਂ ਦੀ ਕਾਵਿਕ-ਸਿਰਜਣਾਤਮਿਕ ਵਿਆਕਰਣ ਮੌਲਿਕ ਹੁੰਦੀ ਹੈ। ਉਦਾਹਰਣ ਦੇ ਤੌਰ 'ਤੇ ਸਾਡੇ ਕੋਲ ਤਿੰਨ ਜੁਝਾਰਵਾਦੀ ਕਵੀ ਹਨ- ਪਾਸ਼, ਸੰਤ ਰਾਮ ਉਦਾਸੀ ਅਤੇ ਲਾਲ ਸਿੰਘ ਦਿਲ। ਇਨ੍ਹਾਂ ਦੀ ਕਵਿਤਾ ਦੇ ਕੋਈ ਸਾਂਝੇ ਸੂਤਰ ਨਹੀਂ ਮਿੱਥੇ ਜਾ ਸਕਦੇ ਜਦੋਂ ਅਸੀਂ ਇਨ੍ਹਾਂ ਦੀ ਕਵਿਤਾ ਦੀ ਟੈਕਸਟ ਦੇ ਚਿਹਨਕਾਂ ਤੱਕ ਪਹੁੰਚਣ ਦਾ ਯਤਨ ਕਰਦੇ ਹਾਂ। ਸੰਤ ਰਾਮ ਉਦਾਸੀ ਦੀ ਕਾਵਿ-ਭਾਸ਼ਾ ਪ੍ਰਗੀਤ ਅਤੇ ਕਰੁਣਾ ਦੇ ਯਾਨਰ ਨੂੰ ਪ੍ਰਮੁੱਖਤਾ ਦਿੰਦੀ ਹੈ। ਲਾਲ ਸਿੰਘ ਦਿਲ ਪਰੋਜ਼ਿਕ ਵਿਸ਼ਲੇਸ਼ਣ ਦੀ ਨਵੀਂ ਕਾਵਿ-ਭਾਸ਼ਾ ਘੜ੍ਹਦਾ ਹੈ। ਪਾਸ਼ ਕਾਵਿ, 'ਕ੍ਰਾਂਤੀਕਾਰੀ ਪਾਠ ਦੀ ਰਿਟੋਰਿਕ' ਰਾਹੀਂ ਪਾਠਕਾਂ ਦੀ ਰਸਵਾਈ ਕਰਦਾ ਹੈ। ਆਪਣੇ ਅੰਤਲੇ ਦੌਰ ਵਿਚ, ਨਕਲਸਵਾੜੀ ਅੰਦੋਲਨ ਦੀ ਵਿਫ਼ਲਤਾ ਦੀ ਉਦਾਸੀ ਨੂੰ ਬੌਧਿਕ ਵਿਸ਼ਲੇਸ਼ਣ ਦੇ ਪ੍ਰਸ਼ਨ ਉੱਤਰੀ ਪ੍ਰਵਚਨ ਰਾਹੀਂ ਪ੍ਰਸਤੁਤ ਕਰਦਾ ਹੈ। 'ਕਾਮਰੇਡ ਨਾਲ ਗੱਲਬਾਤ' ਐਸਾ ਬੌਧਿਕ ਵਿਸ਼ਲੇਸ਼ਣੀ ਕਾਵਿ-ਭਾਸ਼ਾਈ ਉਚਾਰ ਹੈ ਜਿਸ ਰਾਹੀਂ ਪਾਸ਼ ਮੱਧਵਰਗ ਨੂੰ 'ਭਗੌੜੇ' ਦੇ ਮੈਟਾਫ਼ਰ (ਰੂਪਕ) ਰਾਹੀਂ ਕ੍ਰਾਂਤੀ ਦੀ ਅਸਫ਼ਲਤਾ ਦਾ ਕਾਰਨ

ਮੰਨਦਾ ਹੈ। ਇਹ ਕਵਿਤਾ ਉਸਦੀ ਪਹਿਲੀ ਕਵਿਤਾ ਨਾਲੋਂ ਵੀ ਭਿੰਨ ਯਾਨਰ ਦੀ ਕਵਿਤਾ ਬਣ ਜਾਂਦੀ ਹੈ। ਅਜਿਹੀਆਂ ਕਵਿਤਾਵਾਂ ਨੂੰ ਪੜ੍ਹਨ ਲਈ ਫਿਰ ਸਵਾਲ ਪੈਦਾ ਹੁੰਦਾ ਹੈ ਕਿ ਪਾਸ਼ ਦੀਆਂ ਅਜਿਹੀਆਂ ਕਵਿਤਾਵਾਂ ਦੇ ਪਾਠਕ ਕੌਣ ਬਣੇ ਹਨ? ਪ੍ਰੋਲੇਤਾਰੀ ਤਾਂ ਬਿਲਕੁਲ ਨਹੀਂ; ਸਾਧਾਰਣ ਪਾਠਕ ਤਾਂ ਬਿਲਕੁਲ ਨਹੀਂ। ਇਸ ਕਵਿਤਾ ਦੀ ਪੜ੍ਹਤ ਦੇ ਯਤਨ ਵੀ, ਤੇਜਵੰਤ ਗਿੱਲ ਤੋਂ ਲੈ ਕੇ ਅਮਰਜੀਤ ਗਰੇਵਾਲ ਤੱਕ ਬੌਧਿਕ ਹੀ ਹਨ ਜਿਹੜੇ ਕਵਿਤਾ ਦੇ ਸੁਭਅ ਲਈ ਸੁਭਾਵਕ ਹੀ ਸਨ। ਇਹ ਸਾਰੀਆਂ ਪੜ੍ਹਤਾਂ, ਕਵਿਤਾ ਨੂੰ ਪੜ੍ਹਦਿਆਂ ਪੜ੍ਹਦਿਆਂ, ਆਪਣੇ ਆਪ ਨੂੰ ਵੀ ਪੜ੍ਹਾ ਦਿੰਦੀਆਂ ਹਨ।

## ਕਿਹੜੀ ਕਵਿਤਾ ਵਧੇਰੇ ਪੜ੍ਹੀ ਜਾਂਦੀ ਹੈ ਅਤੇ ਕਿਉਂ?

ਕਵਿਤਾ ਦੀ ਪੜ੍ਹਤ ਨਾਲ ਸਬੰਧਿਤ ਇਹ ਇਕ ਮੁੱਢਲਾ ਬੁਨਿਆਦੀ ਪ੍ਰਸ਼ਨ ਹੈ ਕਿ ਕਵਿਤਾ ਦੇ ਉਹ ਕਿਹੜੇ ਪੱਖ ਅਤੇ ਆਧਾਰ ਹਨ ਜਿਨ੍ਹਾਂ ਨੂੰ ਜਿਆਦਾ ਪਾਠਕਾਂ ਦਾ ਹੁੰਗਾਰਾ ਮਿਲਦਾ ਹੈ ਜਾਂ ਬਹੁਤੀ ਪੜ੍ਹੀ ਜਾਂਦੀ ਹੈ। ਆਧੁਨਿਕ ਰੋਮਾਂਸਵਾਦੀ ਕਵਿਤਾ ਵਿਚ ਸ਼ਿਵ ਕੁਮਾਰ (ਬਟਾਲਵੀ) ਹੁਣ ਤੱਕ ਵੀ ਪੰਜਾਬੀ ਦੀ ਹਰਮਨ ਪਿਆਰੀ ਕਵਿਤਾ ਬਣੀ ਹੋਈ ਹੈ। ਆਧੁਨਿਕਤਾ ਦੇ ਪਹੁ-ਫੁਟਾਲੇ ਦੇ ਦੋ ਬਹੁਤ ਹੀ ਅਹਿਮ ਕਵੀ, ਪ੍ਰੋ. ਪੂਰਨ ਸਿੰਘ ਅਤੇ ਧਨੀ ਰਾਮ ਚਾਤ੍ਰਿਕ ਹਨ ਜਿਨ੍ਹਾਂ ਨੂੰ ਮੈਂ ਪੰਜਾਬੀਅਤ ਦੀ ਪਰਿਭਾਸ਼ਾ ਕਰਨ ਵਾਲੇ ਕਵੀ ਕਿਹਾ ਹੈ, ਪਰ ਇਨ੍ਹਾਂ ਕਵੀਆਂ ਦੀ ਕਵਿਤਾ ਵਿਚੋਂ ਧਨੀ ਰਾਮ ਚਾਤ੍ਰਿਕ ਅਤੇ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੇ ਦਾਇਰੇ ਵੀ ਭਿੰਨ-ਭਿੰਨ ਹਨ। ਧਨੀ ਰਾਮ ਚਾਤ੍ਰਿਕ ਦੀ ਕਵਿਤਾ ਲੋਕਧਾਰਾਈ ਪਿੜ ਵਾਲੀ ਹੈ ਅਤੇ ਇਸ ਕਵਿਤਾ ਦਾ ਪਿੰਡਾ (ਸੁਭਾਅ) ਵੀ ਲੋਕਮੁਖੀ ਪ੍ਰਗੀਤਕ ਪੈਟਰਨਾਂ ਦੀ ਸੰਰਚਨਾ ’ਚੋਂ ਸਜੀਵ ਹੋ ਕੇ ਪਾਠਕਾਂ ਤੱਕ ਪਹੁੰਚਦਾ ਹੈ। ਪ੍ਰੋ. ਪੂਰਨ ਸਿੰਘ ਆਪਣੀ ਵਿਸ਼ੇਸ਼ ਪੂਰਬਵਾਦੀ ਦ੍ਰਿਸ਼ਟੀ ਤੋਂ ਪੰਜਾਬੀਅਤ ਦੀ ਧਰਮ-ਨਿਰਪੱਖ ਮੋਕਲੀ ਅਤੇ ਵਿਸ਼ਵੀ ਪਰਿਭਾਸ਼ਾ ਘੜ੍ਹਦਾ ਹੈ। ਭਾਵੇਂ ਪੰਜਾਬੀਅਤ ਦੀ ਪਰਿਭਾਸ਼ਾ ਕਰਦਿਆਂ ਉਹ ਪੰਜਾਬ ਦੇ ਪ੍ਰਤਿਨਿਧ ਲੋਕ-ਨਾਇਕਾਂ ਹੀਰ ਅਤੇ ਰਾਂਝੇ ਦਾ ਹਵਾਲਾ ਪ੍ਰਸਤੁਤ ਕਰਦਾ ਹੈ ਪਰ ਇਹ ਹਵਾਲੇ, ਉਸਦੀ ਕਵਿਤਾ ਨੂੰ ਲੋਕਧਾਰਾਈ ਨਾਲੋਂ ਬੌਧਿਕ-ਜਗਤ ਦੀ ਸਿਰਜਣਾ ਹੀ ਵਧੇਰੇ ਬਣਾਉਂਦੇ ਹਨ। ਇਸਦੇ ਕਾਰਨਾਂ ਨੂੰ ਖੋਜਣ ਲਈ ਸਾਨੂੰ ਉਸਦੇ ਕਾਵਿ-ਸਿਧਾਂਤਾਂ ਦੀ ਉਸ ਵਿਚਾਰਧਾਰਾ ਨੂੰ ਪੜ੍ਹਨਾ ਪਵੇਗਾ ਜਿਸਦਾ ਵਿਸਥਾਰ ਸਹਿਤ ਜ਼ਿਕਰ ਪ੍ਰੋ. ਪੂਰਨ ਸਿੰਘ ਨੇ ‘ਪੂਰਬੀ ਕਵਿਤਾ ਦੀ ਆਤਮਾ’ (The Spirit of Oriental Poetry) ਨਾਂ ਦੀ ਵਿਲੱਖਣ ਕਿਤਾਬ ਵਿਚ ਕੀਤਾ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਦਾ ਉਪਭਾਵਕ ਅਤੇ ਵਲਵਲੇ ਦਾ ਲਹਿਜਾ (ਸ਼ੈਲੀ) ਤਾਂ ਉਸਦੀ ਉਹ ਪ੍ਰਗਟਾ ਵਿਧੀ ਹੈ ਜਿਹੜੀ ਦੁਹਰਾਉ ਦੇ ਅਲੰਕਾਰਾਂ (ਅਨੁਪ੍ਰਾਸ) ਰਾਹੀਂ, ਪ੍ਰਭਾਵ ਬਣਾਉਣ ਦੇ ਯਤਨ ਦਾ ਸਿੱਟਾ ਹੈ। ਇਸ ਬੌਧਿਕਤਾ ਦਾ ਇਕ ਕਾਵਿਕ-ਮਕਸਦ ਹੈ ਜਿਸਨੂੰ ਪੰਜਾਬੀ ਅਕਾਦਮਿਕਤਾ ਨੇ ਅਜੇ ਪੂਰੀ ਤਰ੍ਹਾਂ ਨਹੀਂ ਤਲਾਸ਼ਿਆ। ਮੈਂ ਸਮਝਦਾ ਹਾਂ ਕਿ ਪ੍ਰੋ. ਪੂਰਨ ਸਿੰਘ ਦੀ ਦ੍ਰਿਸ਼ਟੀ ‘ਪੰਜਾਬੀ ਪੂਰਬਵਾਦੀ’ ਦ੍ਰਿਸ਼ਟੀ ’ਤੇ ਆਧਾਰਿਤ ਹੈ ਜਿਹੜੀ ਪੰਜਾਬੀ ਅਕਾਦਮਿਕ ਜਗਤ ਵਿਚ ਇਕ ਨਵੀਂ ਪਹਿਲ ਸੀ। ਇਸ ਮੌਲਿਕ ਪੂਰਬਵਾਦੀ ਦ੍ਰਿਸ਼ਟੀ ਦਾ ਸੰਸਕ੍ਰਿਤਕ ਅਤੇ ਭੂਗੋਲਿਕ ਭੂ-ਖੰਡ ਵਿਸਤ੍ਰਿਤ ਪੰਜਾਬੀ ਦਾਇਰਾ ਹੈ ਜਿਸ ਵਿਚ ਪਾਕਿਸਤਾਨੀ ਪੰਜਾਬ ਦੀ ਰਹਿਤਲ ਵੀ ਸ਼ਾਮਿਲ ਹੈ ਅਤੇ ਜਿਸ ਰਾਹੀਂ ਉਹ ਪੰਜਾਬੀਅਤ ਦੀ ਸਰਬ-ਸਾਂਝੀ ਅਤੇ ਵਿਸ਼ਵ-ਵਿਆਪੀ ਪਰਿਭਾਸ਼ਾ ਦੀ ਤਲਾਸ਼ ਕਰ ਰਿਹਾ ਹੈ। ਗੁਰਮਤਿ ਦਰਸ਼ਨ ਵਿਚ ਇਸ ਵਿਸ਼ਵ ਦ੍ਰਿਸ਼ਟੀ ਦੇ ਡੂੰਘੇ ਸ੍ਰੋਤ ਹਨ ਜਿਨ੍ਹਾਂ ਨੂੰ ਪ੍ਰੋ. ਪੂਰਨ ਸਿੰਘ ਆਪਣੀ ਕਵਿਤਾ ਦਾ ਵਾਹਣ ਬਣਾਉਂਦਾ ਹੈ। ਸੋ ਪੜ੍ਹਤ ਦੇ ਨੁਕਤੇ ਤੋਂ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੇ ਪਾਠਕ ਵੀ ਵਿਸ਼ੇਸ਼ ਬੌਧਿਕ ਹੀ ਬਣੇ ਰਹਿਣਗੇ। ਕੁਝ ਪੰਜਾਬ ਦੇ ਅਤੀਤ ਨਾਲ ਅਤੇ ਅਤੀਤ ਦੇ ਗੌਰਵ ਦੇ ਰੋਮਾਂਸ ਨਾਲ ਸਬੰਧਿਤ ਕਵਿਤਾਵਾਂ ਅਜਿਹੀਆਂ ਹਨ ਜਿਨ੍ਹਾਂ ਵਿਚ ਪੰਜਾਬੀਆਂ ਦਾ ਸੰਸਕ੍ਰਿਤਕ ਅਵਚੇਤਨ ਜ਼ਰੂਰ ਹੈ ਜਿਸਨੂੰ ਜਿਆਦਾ ਪਾਠਕ ਪੜ੍ਹਦੇ ਵੀ ਹਨ ਅਤੇ ਉਨ੍ਹਾਂ ਨੂੰ ਮਾਣਦੇ ਵੀ ਹਨ। ਧਨੀ ਰਾਮ ਚਾਤ੍ਰਿਕ ਦੀ ਕਵਿਤਾ ਦਾ ਪਿੰਡਾ ਸਰਲ ਹੈ; ਲੋਕਧਾਰਾਈ ਪਿੜਾਂ ਦੇ ਚਿਹਨਾਂ ਵਾਲਾ ਜਿਸ ਕਾਰਣ, ਇਸ ਕਵਿਤਾ ਨੂੰ ਪੰਜਾਬ ਦਾ ਉਹ ਜਨ-ਸਾਧਾਰਣ ਪੜ੍ਹਦਾ ਅਤੇ ਮਾਣਦਾ ਹੈ ਜਿਹੜਾ ਕਵਿਤਾ ਵਿਚੋਂ ਲੋਕ-ਗੀਤਾਂ ਵਰਗੀ ਸਾਦਗੀ ਅਤੇ ਸਰਲਤਾ ਲੱਭਦਾ ਹੈ।

ਪਰ ਮੈਨੂੰ ਕਹਿਣ ’ਚ ਕੋਈ ਗੁਰੇਜ਼ ਨਹੀਂ ਕਿ ਪੰਜਾਬੀ ਕਵਿਤਾ ਦੀ ਆਧੁਨਿਕਤਾ ਵਿਚ ਸ਼ਿਵ ਕੁਮਾਰ (ਬਟਾਲਵੀ) ਨੇ ਆਪਣੀ ਕਵਿਤਾ ਦੇ ਰੂਪਾਕਾਰ (ਯਾਨਰ) ਨੂੰ ਲੋਕਧਾਰਾਈ ਪੈਟਰਨਾਂ ’ਤੇ ਉਸਾਰਿਆ ਹੈ। ਲੋਕ-ਗੀਤਾਂ ਦੇ ਪੈਟਰਨ ਉਸਦੇ ਪ੍ਰਗੀਤ ਅਤੇ ਗੀਤ ਦੀਆਂ ਸਥਾਈਆਂ ਅਤੇ ਮੁਖੜੇ ਹਨ ਜਿਨ੍ਹਾਂ ਨਾਲ ਪੰਜਾਬੀ ਪਾਠਕ ਆਪਣੀ ਸਾਂਝ-ਭਿਆਲੀ ਸੁਭਾਵਿਕ ਹੀ ਪਾ ਲੈਂਦਾ ਹੈ। ਸ਼ਿਵ ਕੁਮਾਰ ਮੌਤ ਅਤੇ ਵਿਯੋਗ ਦੇ ਵਿਸ਼ਿਆਂ ਨੂੰ ਮੌਲਿਕ ਥੀਮੈਟਿਕਸ ਦੀ ਸਿਰਜਣਾ ਬਣਾ ਦਿੰਦਾ ਹੈ। ਇਹ ਥੀਮੈਟਿਕਸ ਹੈ ਤਾਂ ਤਣਾਅ (ਟੈਨਸ਼ਨ) ਦਾ ਥੀਮ ਪਰ ਸ਼ਿਵ ਕੁਮਾਰ ਇਸ ਦੇ ਰੂਪ (form) ਨੂੰ ਪੰਜਾਬ ਦੀ ਸਦੀਵੀ ਸਮੂਹਿਕ ਅਵਚੇਤਨ ਦੀ ਚਾਹਤ (Deisre of Collecitve

unconsicous) ਦੇ ਪ੍ਰਗਟਾ ਰਾਹੀਂ ਬਿਰਹਾ ਦੇ ਤਣਾਅ ਦਾ ਸਿਰਜਣਾਤਮਿਕ ਰੂਪਾਕਾਰ ਬਣਾ ਦਿੰਦਾ ਹੈ। ਪੰਜਾਬ ਦੇ 'ਸਮੂਹਕ ਸੰਸਕ੍ਰਿਤਕ ਅਵਚੇਤਨ ਦੀ ਚਾਹਤ' ਦਾ ਅਰਥ ਹੈ ਕਿ ਪੰਜਾਬੀ ਸਮਾਜ ਔਰਤ-ਮਰਦ ਸਬੰਧਾਂ ਪ੍ਰਤਿ ਕਰੜੇ ਪ੍ਰਤਿਮਾਨਾਂ 'ਤੇ ਉਸਰਿਆ ਹੋਇਆ ਹੈ ਜਿਸ ਵਿਚ 'ਕਾਮਨਾ ਦੀ ਚਾਹਤ' ਨੂੰ ਵਿਆਹ ਦੀ ਸੰਸਥਾ ਨਾਲ ਨੱਥੀ ਕੀਤਾ ਹੋਇਆ ਹੈ। ਸ਼ਿਵ ਕੁਮਾਰ ਕਾਮਨਾ ਦੇ ਤਣਾਅ ਦੇ ਵਿਸਫੋਟ ਨੂੰ ਚੁਣਦਾ ਹੈ- ਇਹ ਵਿਸਫੋਟ ਅੱਗੇ, ਸੰਸਕ੍ਰਿਤਕ ਰਹਿਤਲ 'ਚੋਂ ਹੀ ਮੌਤ ਦੀ ਚਾਹਤ ਨੂੰ ਚੁਣਦਾ ਹੈ। ਤੀਜਾ, ਉਹ ਆਪਣੀ ਸਿਰਜਣਾ ਨੂੰ (ਕਵਿਤਾ ਨੂੰ) ਰੂਹ ਨਾਲ ਜੋੜਨ ਦਾ ਐਲਾਨ ਕਰ ਦਿੰਦਾ ਹੈ। ਤਨ (ਸਰੀਰ) ਦੀ ਕਾਮਨਾ ਵਿਚ, ਕਾਮਨਾ ਦੀ ਪੂਰਤੀ ਰੂਹ ਦੀ ਪਰਵਾਜ਼ ਤੋਂ ਬਿਨਾਂ ਅਧੂਰੀ ਮਿੱਥੀ ਗਈ ਹੈ। ਇਸ ਪ੍ਰਕਾਰ ਰੂਪਾਕਾਰ ਵਿਚ ਕਵਿਤਾ ਦਾ ਪ੍ਰਗੀਤਕੀ ਰੂਪ, ਲੋਕਧਾਰਾਈ ਪੈਟਰਨਾਂ ਨੂੰ ਵਾਹਣ ਬਣਾਕੇ, ਕਵਿਤਾ ਵਿਚ ਅਪਾਰ ਪੜ੍ਹਨਯੋਗਤਾ ਪੈਦਾ ਕਰ ਦਿੰਦਾ ਹੈ। ਉਮਰ ਦਾ ਇਕ ਖਾਸ ਪੜਾਅ ਪ੍ਰਤਿਮਾਨਾਂ ਨੂੰ ਤੋੜਕੇ ਕਾਮ ਅਤੇ ਕਾਮਨਾ ਦੇ ਰੁਦਨ ਨੂੰ ਜਸ਼ਨਾਵੀ ਪ੍ਰਗਟਾ ਰਾਹੀ ਪੂਰਿਆਂ ਹੋਣਾ ਲੋਚਦਾ ਹੈ। ਇਹ ਕਾਮਨਾ ਦਾ ਸਮੂਹਿਕ ਸੰਸਕ੍ਰਿਤਕ ਅਵਚੇਤਨ ਹੈ ਜਿਸਨੂੰ ਸ਼ਿਵ ਕੁਮਾਰ ਆਪਣੀ ਕਵਿਤਾ ਦੀ ਥੀਮੈਟਿਕਸ ਵਿਚ, ਪੰਜਾਬੀ ਰਹਿਤਲ ਦੀ ਤਣਾਅਸ਼ੀਲ ਭਾਸ਼ਾ ਵਿਚੋਂ ਮੁਬਾਲਗੇ, ਰੂਪਕ, ਪ੍ਰਤੀਕ, ਜੀਵਨ-ਸੱਚਾਈਆਂ, ਬਿੰਬਾਂ ਦੀਆਂ ਅਚੰਭਿਤ ਲੜੀਆਂ ਅਤੇ ਕਾਵਿ-ਦ੍ਰਿਸ਼ ਸਿਰਜ ਦਿੰਦਾ ਹੈ। ਕਾਮਨਾ ਨਾਲ ਸਬੰਧਿਤ ਸ਼ਬਦ-ਭੰਡਾਰ ਨੂੰ ਕਿਵੇਂ ਸਿਮਲੀਜ਼ (ਉਪਮਾਵਾਂ ਅਤੇ ਤੁਲਨਾਵਾਂ) ਅਤੇ ਰੂਪਕਾਂ ਦੀ ਸਿਰਜਣਾ ਰਾਹੀਂ ਦ੍ਰਿਸ਼ਟਾਂਤ, ਉਤਪ੍ਰੇਖਿਆ (Poeitcal Fancy) ਆਦਿ ਕਾਵਿ-ਜੁਗਤਾਂ ਦਾ ਤਣਾਅਸ਼ੀਲ (ਵਿਯੋਗੀ ਰੂਪ) ਕਾਵਿ ਸਿਰਜਕੇ ਪਾਠਕਾਂ ਦੇ ਅਵਚੇਤਨੀ ਰੁਦਨ ਨੂੰ ਸੰਤੁਸ਼ਟ ਕਰਦਾ ਹੈ, ਡੂੰਘਾ ਅਧਿਐਨ ਦਾ ਵਿਸ਼ਾ ਹੈ।

ਸੋ ਮੈਂ ਇਹ ਕਹਿ ਰਿਹਾ ਹਾਂ ਕਿ ਜਿਹੜਾ ਕਵੀ ਆਪਣੀ ਸੰਸਕ੍ਰਿਤੀ ਦੀ ਲੋਕਧਾਰਾਈ ਰਹਿਤਲ 'ਚੋਂ ਕਵਿਤਾ ਦੇ ਰੂਪ ਅਤੇ ਥੀਮ ਦਾ ਆਧਾਰ ਬਣਾਉਂਦਾ ਹੈ ਉਹ ਪੰਜਾਬੀ ਦੇ ਵੱਡੇ ਹਜ਼ੂਮ-ਪਾਠਕ ਨੂੰ ਆਪਣੀ ਗ੍ਰਿਫ਼ਤ ਵਿਚ ਸੁਭਾਵਕ ਹੀ ਲੈ ਲੈਂਦਾ ਹੈ। ਮੈਂ ਰੂਪ ਅਤੇ ਵਿਸ਼ੇ ਦੇ ਸਾਂਝੇ ਸੰਗਠਿਤ ਰੂਪ ਨੂੰ ਥੀਮ ਕਹਿ ਰਿਹਾ ਹਾਂ ਜਿਸ ਵਿਚ ਵਿਸ਼ਾ ਰੂਪਾਤਮਕ ਕਲਾਤਮਿਕਤਾ ਰਾਹੀਂ ਪੇਸ਼ ਹੁੰਦਾ ਹੈ। ਇਕ ਪ੍ਰਸ਼ਨ ਇਹ ਜ਼ਰੂਰ ਉਠਾਇਆ ਜਾ ਸਕਦਾ ਹੈ ਕਿ ਜੁਝਾਰਵਾਦੀ ਪਰੰਪਰਾ ਵਿਚ ਸੰਤ ਰਾਮ ਉਦਾਸੀ ਕਰੁਣਾ ਦਾ ਥੀਮ ਵੀ ਤਾਂ ਲੋਕਧਾਰਾਈ ਗੀਤਾਂ ਦੇ ਪੈਟਰਨਾਂ 'ਤੇ ਘੜ੍ਹਦਾ ਹੈ... ਉਹ ਬਟਾਲਵੀ ਵਾਂਗ ਕਿਉਂ ਨਹੀਂ ਪੜ੍ਹਿਆ ਜਾ ਰਿਹਾ। ਇਸ ਦੇ ਕਾਰਣ ਜੁਝਾਰਵਾਦੀ ਟੈਕਸਟ ਦੀ ਵਿਸ਼ੇਸ਼ ਥੀਮੈਟਿਕਸ ਵਿਚ ਹੀ ਪਏ ਹਨ। ਸੰਤ ਰਾਮ ਉਦਾਸੀ 'ਕ੍ਰਾਂਤੀ ਦਾ ਪਾਠ' ਸਿਰਜ ਰਿਹਾ ਹੈ ਜਿਸ ਵਿਚ ਪ੍ਰਤਿਮਾਨਕ ਕਾਮ-ਕਾਮਨਾ ਦਾ ਸਮਾਜਿਕ ਮਰਿਯਾਦਾ ਨਾਲ ਟਕਰਾਉ ਜਾਂ ਤਣਾਅ ਨਹੀਂ। ਨਾ ਹੀ ਕ੍ਰਾਂਤੀਕਾਰੀ ਟੈਕਸਟ ਮੌਤ ਨੂੰ ਨਿੱਜ ਲਈ ਕੁਰਬਾਨ ਕਰਨ ਦਾ ਪੈਗਾਮ ਸਿਰਜਦੀ ਹੈ। ਜੁਝਾਰਵਾਦੀ ਪੰਜਾਬੀ ਕਾਵਿ-ਚੇਤਨਾ ਮਜ਼ਦੂਰ/ਪ੍ਰੋਲੇਤਾਰੀ ਵਰਗ ਦਾ ਬੁਰਜੂਆ ਵਰਗ ਟਕਰਾਅ ਪ੍ਰਸਤੁਤ ਕਰਦੀ ਹੈ। ਸੰਤ ਰਾਮ ਉਦਾਸੀ ਆਪਣੇ ਪ੍ਰਮਾਣਿਕ ਅਨੁਭਵ ਵਿਚੋਂ ਹਾਸ਼ੀਆਗਤ ਦਲਿਤ ਧਿਰ ਦੀ ਕਰੁਣਾਮਈ ਹੋਣੀ ਦੇ ਪ੍ਰਗੀਤਕ-ਦ੍ਰਿਸ਼ ਪ੍ਰਸਤੁਤ ਕਰਦਾ ਹੈ ਅਤੇ ਕ੍ਰਾਂਤੀਕਾਰੀ ਚੇਤਨਾ ਰੱਖਣ ਵਾਲੇ ਜਾਂ ਕਹਿ ਲਵੋ ਜੁਝਾਰਵਾਦੀ ਕਾਵਿ-ਧਾਰਾ ਦੀ ਸਮਾਜਵਾਦੀ/ਸਾਮਵਾਦੀ ਦ੍ਰਿਸ਼ਟੀ ਨਾਲ ਪ੍ਰਤਿਬੱਧਤਾ ਰੱਖਣ ਵਾਲੇ ਪਾਠਕ ਆਪਣੇ ਆਪ ਨੂੰ ਵਧੇਰੇ ਰਿਲੇਟ ਕਰਦੇ ਹਨ- ਸੰਤ ਰਾਮ ਉਦਾਸੀ ਦੀ ਕਵਿਤਾ ਨਾਲ। ਹਾਂ ਇਹ ਜ਼ਰੂਰ ਹੈ ਕਿ ਸੰਤ ਰਾਮ ਉਦਾਸੀ ਦੀ ਲੋਕਧਾਰਾਈ ਪ੍ਰਗੀਤਕ ਧੁਨੀ ਇਸ ਕਵਿਤਾ ਨੂੰ ਕਰੁਣਾ ਦੇ ਰੂਪਾਕਾਰ ਰਾਹੀਂ, ਖੱਬੇਪੱਖੀ ਸੱਥਾਂ ਵਿਚ ਇਕ ਲੋਕ-ਕਵੀ ਜ਼ਰੂਰ ਬਣਾਉਂਦੀ ਹੈ ਅਤੇ ਉਸਦੀ ਕਵਿਤਾ ਦੇ ਪਾਠਕਾਂ ਦਾ ਦਾਇਰਾ ਵੀ ਫੈਲਦਾ ਹੈ। ਇਹ ਤਾਂ ਹੋਈ ਕਾਵਿ-ਪਾਠ ਦੀ ਵਿਲੱਖਣਤਾ ਦੀ ਜਿਸਨੇ ਆਪਣੇ ਸੁਹਜ ਦੇ ਰੂਪਾਕਾਰ ਰਾਹੀਂ, ਪਾਠਕ ਅਤੇ ਸ੍ਰੋਤੇ ਦੀਆਂ ਸੰਵੇਦਨਾਵਾਂ 'ਚ ਰਮ ਕੇ ਸੰਚਾਰ ਕਰਨਾ ਹੈ ਜਿਸ ਵਿਚੋਂ ਕਵਿਤਾ ਦੇ ਘੇਰਿਆਂ ਦੀ ਵੀ ਪਛਾਣ ਹੋਣੀ ਹੁੰਦੀ ਹੈ। ਪਰ ਘੇਰਿਆਂ ਜਾਂ ਦਾਇਰਿਆਂ ਦਾ ਸਹੀ ਆਧਾਰ ਅਤੇ ਸਹੀ ਪਛਾਣ, ਪਾਠਕਾਂ ਰਾਹੀਂ ਹੀ ਹੋਣੀ ਹੈ, ਇਸ ਲਈ ਮੇਰੇ ਮਨ ਵਿਚ ਪਾਠਕਾਂ ਦੇ ਦਾਇਰਿਆਂ ਨੂੰ ਕੁਝ ਹਿੱਸਿਆਂ ਵਿਚ ਵੰਡਣ ਦਾ ਵਿਚਾਰ ਆ ਰਿਹਾ ਹੈ। ਭਾਵੇਂ ਕਿ ਇਸ ਲੇਖ ਵਿਚ ਵਿਚਾਰਧਾਰਕ ਦਾਇਰਿਆਂ ਦੀ ਗੱਲ ਤਾਂ ਹੋ ਚੁੱਕੀ ਹੈ- ਫਿਰ ਪਾਠਕਾਂ ਦੀਆਂ ਹੋਰ ਕੈਟੇਗਰੀਜ਼ ਦੀ ਕੀ ਜ਼ਰੂਰਤ ਹੈ? ਇਸ ਸਵਾਲ ਨੂੰ ਮੁਖਾਤਿਬ ਹੋਏ ਬਿਨਾਂ ਇਹ ਨਿਰਣਾ ਸੰਭਵ ਨਹੀਂ ਕਿ ਕਿਸੇ ਕਵਿਤਾ ਦੀ ਪੜ੍ਹਨਯੋਗਤਾ ਕੀ ਹੈ? ਕੋਈ ਕਵਿਤਾ ਕਿਉਂ ਜਿਆਦਾ ਪੜ੍ਹੀ ਜਾਂਦੀ ਹੈ; ਜਾਂ ਇਸ ਤੋਂ ਉਲਟ ਕੋਈ ਕਵਿਤਾ ਕਿਉਂ ਪਾਠਕ ਦੀ ਦ੍ਰਿਸ਼ਟੀ ਤੋਂ ਘੱਟ ਪੜ੍ਹੀ ਜਾਂਦੀ ਹੈ।

ਇਸ ਨੁਕਤੇ ਤੋਂ ਮੈਨੂੰ ਲਗਦਾ ਹੈ ਪਾਠਕਾਂ ਦੀਆਂ ਕੈਟੇਗਰੀਜ਼ ਦੀਆਂ ਕਿਸਮਾਂ ਗਿਣਤੀ 'ਚ ਨਿਸ਼ਚਿਤ ਕਰਨੀਆਂ ਤਾਂ ਸੰਭਵ ਨਹੀਂ ਪਰ ਕੁਝ ਆਧਾਰ ਹਨ ਜਿਨ੍ਹਾਂ ਰਾਹੀਂ ਅਸੀਂ ਕਵਿਤਾ ਦੀ ਪੜ੍ਹਤ ਨੂੰ, ਪਾਠਕਾਂ ਦੀਆਂ ਸ਼ੇਣੀਆਂ ਦੀ ਦ੍ਰਿਸ਼ਟੀ  ਤੋਂ ਦੇਖ ਸਕਦੇ ਹਾਂ। ਮਸਲਨ ਆਧੁਨਿਕ ਪੰਜਾਬੀ ਕਵਿਤਾ ਵਿਚ ਹਰਿਭਜਨ ਸਿੰਘ, ਹਰਨਾਮ, ਸਤੀ ਕੁਮਾਰ, ਸੋਹਣ ਕਾਦਰੀ ਨੂੰ ਕਿਹੜੇ ਪਾਠਕ ਪੜ੍ਹਦੇ ਹਨ ਜਾਂ ਪੜ੍ਹਨਯੋਗਤਾ ਦੀ ਸਮਰਥਾ ਰੱਖਦੇ

ਹੋਣਗੇ? ਜਾਂ ਸ਼ਿਵ ਬਟਾਲਵੀ, ਮੋਹਨ ਸਿੰਘ ਜ਼ਿਆਦਾ ਪੜ੍ਹੇ ਜਾਣ ਵਾਲੇ ਕਵੀ ਕਿਉਂ ਹਨ? ਇਹ ਵਰਤਾਰਾ ਸਮਕਾਲੀ ਨਵੀਂ ਕਵਿਤਾ ਨਾਲ ਵੀ ਵਾਪਰਦਾ ਹੈ, ਵਾਪਰ ਰਿਹਾ ਹੈ। ਇਸ ਪੱਖ ਤੋਂ ਹਰ ਖਿੱਤੇ ਵਿਚ ਕਵਿਤਾ ਨੂੰ ਪੜ੍ਹਨ ਵਾਲੇ ਪਾਠਕਾਂ ਦੀ ਕੈਟੇਗਰੀਜ਼ ਨੂੰ ਵੀ ਅਧਿਐਨ ਅਤੇ ਅਧਿਆਪਨ ਦਾ ਹਿੱਸਾ ਹੁਣ ਬਣਾ ਲੈਣਾ ਚਾਹੀਦਾ ਹੈ। ਘੱਟੋ-ਘੱਟ ਜਿਨ੍ਹਾਂ ਕਵੀਆਂ ਬਾਰੇ ਜਾਂ ਕਵਿਤਾ ਬਾਰੇ ਇਹ ਸਪੱਸ਼ਟ ਹੈ ਕਿ ਇਹ ਕਵਿਤਾ ਇਤਿਹਾਸ 'ਚ ਚਿਰਸਥਾਈ ਰਹਿਣ ਵਾਲੀ ਹੈ। ਇਸ ਪੱਖ ਤੋਂ ਮੇਰੀ ਨਜ਼ਰ 'ਚ ਕਵਿਤਾ ਨੂੰ ਪੜਨ ਵਾਲਿਆਂ ਦਾ ਇਕ ਵਿਸ਼ੇਸ਼ ਬੌਧਿਕ ਵਰਗ ਹੈ ਜਿਹੜਾ ਕਵਿਤਾ ਨੂੰ ਪੜ੍ਹਦਾ ਹੀ ਨਹੀਂ, ਸਮਝਣ ਦੀ ਚੇਸ਼ਠਾ ਵੀ ਰੱਖਦਾ ਹੈ। ਇਹ ਬੌਧਿਕ ਵਰਗ ਅਕਾਦਮਿਕਤਾ ਨਾਲ ਸਬੰਧ ਰੱਖਦਾ ਹੀ ਹੈ ਸਗੋਂ ਕਵਿਤਾ ਨੂੰ ਸਮਝ/ਸਮਝਾਉਣ ਦੇ ਆਹਰ ਵਿਚ ਲੱਗਿਆ ਹੋਇਆ ਨਜ਼ਰ ਆਉਂਦਾ ਹੈ। ਪਰ ਮੈਂ ਅਕਾਦਮਿਕ ਜਗਤ ਤੋਂ ਬਾਹਰਲੇ ਉਸ ਬੌਧਿਕ ਪਾਠਕ ਦੀ ਗੱਲ ਕਰ ਰਿਹਾ ਹਾਂ ਜਿਹੜਾ ਕਵਿਤਾ ਨੂੰ ਰਸਿਕ ਵਾਂਗ ਨਹੀਂ ਪੜ੍ਹਦਾ ਸਗੋਂ ਇਕ ਸੁਜੱਗ ਜ਼ਿੰਮੇਵਾਰ ਪਾਠਕ ਵਾਂਗ ਪੜ੍ਹਦਾ ਹੈ। ਪੰਜਾਬੀ ਸਮਾਜ ਵਿਚ ਤਾਂ ਕੀ ਲਗਭਗ ਹਰ ਸਮਾਜ ਵਿਚ ਇਹ ਬੌਧਿਕ-ਪਾਠਕ ਵਰਗ ਘੱਟ ਗਿਣਤੀ ਹੀ ਰਹਿੰਦਾ ਹੈ- ਇਹੀ ਕਾਰਨ ਬਣਦਾ ਹੈ ਕਿ 'ਚੰਗੀ' ਬੌਧਿਕ ਕਵਿਤਾ ਚਿਰਸਥਾਈ ਸੁਭਾਅ ਦੀ ਹੋਣ ਦੇ ਬਾਵਜੂਦ ਪੜ੍ਹਤ ਦੀ ਦ੍ਰਿਸ਼ਟੀ ਤੋਂ, ਸਮਾਜ ਦੀ ਘੱਟ ਗਿਣਤੀ ਪਾਠਕ ਵਰਗ ਵੱਲੋਂ ਪੜ੍ਹੀ ਜਾਂਦੀ ਹੈ। ਮੈਂ ਪਰ ਕਵਿਤਾ ਦੀ ਅਬਸਟ੍ਰੈਕਸ਼ਨ ਦੀ ਗੱਲ ਨਹੀਂ ਕਰ ਰਿਹਾ। ਕਵਿਤਾ ਦੀ ਅਬਸਟ੍ਰੈਕਸ਼ਨ ਅਤੇ ਸਬਜੈਕਟੀਵਿਟੀ, ਪੰਜਾਬੀ ਕਵਿਤਾ ਵਿਚ ਵੀ ਅਤੇ ਵਿਸ਼ਵ ਕਵਿਤਾ ਵਿਚ ਕੁਝ ਆਪਣੇ ਖੇਤਰੀ ਸਭਿਆਚਾਰਕ ਅਤੇ ਨਿੱਜੀ ਕਾਰਨਾਂ ਦੀ ਉਪਜ ਰਹੀ ਹੈ। ਉਦਾਹਰਣ ਦੇ ਤੌਰ 'ਤੇ ਹਰਿਭਜਨ ਸਿੰਘ ਦੀ ਪ੍ਰਤੀਕਵਾਦੀ ਕਵਿਤਾ, ਦਾਰਸ਼ਨਿਕ ਅਤੇ ਬੌਧਿਕ ਸੁਭਾਅ ਦੀ ਹੈ, ਸਮਝਣ ਲਈ ਔਖ ਪੈਦਾ ਕਰਦੀ ਹੈ- ਇਸਨੂੰ ਸੁਜੱਗ ਪਾਠਕ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ, ਪਰ ਇਹ ਕਵਿਤਾ ਅਬਸਟ੍ਰੈਕਸ਼ਨ ਦੀ ਕਵਿਤਾ ਨਹੀਂ। ਕਵਿਤਾ ਦੀ ਅਬਸਟ੍ਰੈਕਸ਼ਨ ਦੇ ਅਨੇਕਾਂ ਕਾਰਨਾਂ 'ਚ ਮੁੱਖ ਕਾਰਨ, ਵਿਚਾਰ ਦੀ ਅਸਪਸ਼ਟਤਾ ਅਤੇ ਲੁਕਾਉਣ (ਹਾਈਡ) ਦੀ ਬਿਰਤੀ ਕਾਰਜਸ਼ੀਲ ਰਹਿੰਦੀ ਹੈ। ਕਵਿਤਾ ਵਿਚ ਅਬਸਟ੍ਰੈਕਸ਼ਨ ਨੂੰ ਰਾਜਨੀਤਿਕ ਸੰਦਰਭਾਂ ਰਾਹੀਂ ਹੀ ਸਮਝਣ ਦਾ ਯਤਨ ਰਿਹਾ ਹੈ। ਇਹ ਇਕ ਵੱਖਰੀ ਤਰ੍ਹਾਂ ਦੀ ਬਹਿਸ ਹੈ ਜਿਸਨੂੰ ਫ਼ਿਲਹਾਲ ਵਿਸਥਾਰ ਵਿਚ ਵਿਚਾਰ-ਚਰਚਾ ਦਾ ਹਿੱਸਾ ਮੈਂ ਨਹੀਂ ਬਣਾ ਰਿਹਾ। ਮੈਂ ਫਿਰ ਆਪਣੀ ਵਿਚਾਰ-ਚਰਚਾ ਨੂੰ, ਨਿਰੰਤਰਤਾ ਦਿੰਦਿਆਂ, ਸਮਝਣਾ ਚਾਹ ਰਿਹਾ ਹਾਂ ਕਿ ਅਸਲ ਵਿਚ ਬੁਨਿਆਦੀ ਤੌਰ 'ਤੇ ਉਹ ਕਿਹੜੇ ਆਧਾਰ ਹਨ ਜਿਹੜੇ ਕਾਵਿ-ਭਾਸ਼ਾ ਅਤੇ ਸਾਧਾਰਣ ਭਾਸ਼ਾ ਦੀ ਵੱਖਰਤਾ ਸਿਰਜ ਦਿੰਦੇ ਹਨ।

**ਕਵਿਤਾ ਵਿੱਚ ਅਰਥਾਂ ਦੀ ਤਾਨਾਸ਼ਾਹੀ ਕੀ ਹੈ:**

ਰੂਸੀ ਰੂਪਵਾਦੀ ਸ਼ਕਲੋਵਸਕੀ ਸਾਹਿਤਕ ਪਾਠ ਦੀ ਅਜ਼ਨਬੀਕਰਣ ਦੀ ਪ੍ਰਕਿਰਿਆ ਬਾਰੇ ਕਲਾ ਜਾਂ ਸਾਹਿਤ ਦੀਆਂ ਤਕਨੀਕਾਂ ਨੂੰ ਆਧਾਰ ਮੰਨਦਾ ਹੈ। (Arts as Technique, 1917) ਇਹ ਬਿਲਕੁਲ ਦਰੁਸਤ ਹੈ ਕਿ ਸਿਰਜਿਤ ਭਾਸ਼ਾ, ਵਿਅਤਕੀਗਤ ਸਿਰਜਣ ਯੋਗਤਾ ਰਾਹੀਂ, ਭਾਸ਼ਾਈ ਤਕਨੀਕਾਂ 'ਤੇ ਆਪਣੇ ਸਾਹਿਤਕ ਸਫ਼ਰ ਦਾ ਆਗਾਜ਼ ਕਰਦੀ ਹੈ। ਕਵਿਤਾ ਦੇ ਪ੍ਰਸੰਗ ਵਿਚ ਇਹ ਪ੍ਰਕਿਰਿਆ ਭਾਸ਼ਾ ਦੇ ਮੈਟਾਫੋਰੀਕਲ ਹੋਣ ਦੀ ਪ੍ਰਕਿਰਿਆ ਹੈ, ਪਰ ਰੂਸੀ ਰੂਪਵਾਦੀਆਂ ਦੀ ਇਹ ਸੀਮਾ ਬਣੀ ਰਹੀ ਹੈ ਅਤੇ ਬਣੀ ਹੋਈ ਕਿ ਉਨ੍ਹਾਂ ਨੇ ਇਕ ਨਿਸ਼ਚਿਤ ਡੈਟੇ ਰਾਹੀਂ, ਸਾਹਿਤ ਦੀਆਂ ਤਕਨੀਕਾਂ ਨੂੰ ਨਿਸ਼ਚਿਤ ਮੋਟਿਫ਼ਾਂ 'ਚ ਘਟਾ ਲਿਆ ਸੀ ਜਿਸਦੀ ਪੜਚੋਲ ਉਤਰਸੰਰਚਨਾਵਾਦੀਆਂ ਨੇ ਕੀਤੀ। ਇੱਥੋਂ ਤੱਕ ਕਿ ਸੋਸਿਊਰ ਤੋਂ ਲੈ ਕੇ ਸੰਰਚਨਾਵਾਦ ਜਿਸ ਬਾਇਨਰੀਜ਼ ਸਿਧਾਂਤ (ਵਿਰੋਧਾਂ ਵਿਚੋਂ ਅਰਥਾਂ ਦਾ ਪੈਦਾ ਹੋਣਾ) ਨੂੰ ਯੂਨੀਵਰਸਲ ਬਣਾਉਣ ਦਾ ਪ੍ਰਯਤਨ ਕਰਦਾ ਹੈ... ਉਤਰਸੰਰਚਨਾਵਾਦ ਉਸ ਬਾਇਨਰੀਜ਼ ਸਿਧਾਂਤ ਤੋਂ ਅਗਾਂਹ ਜਾਂਦੇ ਹਨ। ਕਵਿਤਾ ਦੀ ਪੜ੍ਹਤ ਨੂੰ ਮੈਂ ਦੈਰਿਦਾ ਦੇ ਕੁਝ ਸੰਕਲਪਾਂ ਰਾਹੀਂ ਸਮਝਣਾ ਚਾਹੁੰਦਾ ਹੈ।

ਦੈਰਿਦਾ ਦਾ ਵਿਖੰਡਨ (ਡੀਕੰਸਟ੍ਰਕਸ਼ਨ ਸਿਧਾਂਤ) ਸਿਧਾਂਤ ਸਾਹਿਤਕ-ਪਾਠ ਦੇ ਸੁਭਾਅ ਬਾਰੇ, ਬਹੁਤ ਹੀ ਮੂਲਭੂਤ ਸੰਕਲਪਾਂ ਨੂੰ ਪ੍ਰਸਤੁਤ ਕਰਦਾ ਹੈ। ਭਾਵੇਂ ਦੈਰਿਦਾ ਰਾਇਟਿੰਗ ਸਬੰਧੀ ਵਿਚਾਰ ਕਰ ਰਿਹਾ ਹੈ ਪਰ ਉਹ ਕਵਿਤਾ ਦੀ ਹੋਂਦ ਵਿਧੀ ਦੇ ਮੂਲ ਆਧਾਰ ਲਈ ਬਹੁਤ ਹੀ ਬੁਨਿਆਦੀ ਹੈ। ਉਹ ਜਦੋਂ ਆਪਣੀ ਚਰਚਿਤ ਕਿਤਾਬ ਆਫ ਗਰਾਮਾਟਾਲੌਜੀ (Of Grammatology) ਵਿਚ ਵਿਗਠਨ ਸਿਧਾਂਤ ਦੇ ਸੰਕਲਪ ਟਰੇਸ (trace) ਦੀ ਗੱਲ ਕਰਦਾ ਹੈ ਤਾਂ ਸਮਝਾਉਣ ਦਾ ਯਤਨ ਕਰਦਾ ਹੈ ਕਿ ਚਿਹਨ (Sign) ਵਿਚ ਜਦੋਂ ਹਾਜ਼ਰ ਤੋਂ ਗ਼ੈਰਹਾਜ਼ਰ ਅਰਥ ਪੈਦਾ ਹੁੰਦਾ ਹੈ ਤਾਂ ਇਹ ਫ਼ਰਕ ਹੀ ਤਾਂ ਡੀਕੰਸਟ੍ਰਕਸ਼ਨ ਦੀ ਡਿਫ਼ਰੈਂਸ ਥਿਊਰੀ ਹੈ- ਪਾਠ ਦੀ ਚਿਹਨਾਤਮਿਕ ਯੋਗਤਾ ਨਾਲ ਇਹ ਮੁਲਤਵੀ (Differance) ਹੋਣ ਦਾ ਸਫ਼ਰ ਤੈਅ ਕਰ ਲੈਂਦੀ ਹੈ (ਵਿਸਥਾਰ ਲਈ ਆਫ਼ ਗਰਾਮਾਟਾਲੌਜੀ ਕਿਤਾਬ ਦੇਖੀ ਜਾ ਸਕਦੀ ਹੈ) ਜਿਸ ਨੂੰ ਪਾਠਕਾਂ ਦੀ ਸਹੂਲਤ ਲਈ ਮੈਂ ਸੌਖੇ ਸ਼ਬਦਾਂ ਦੀ ਤਲਾਸ਼ ਕਰਦਿਆਂ, ਕੁਝ


ISSN : 2395-1273

ਹੋਰ ਸਪਸ਼ਟ ਕਰਨਾ ਚਾਹੁੰਦਾ ਹਾਂ। ਅਸਲ ਵਿਚ ਦੈਰਿਦਾ ਸਾਹਿਤਕ-ਪਾਠਕ ਅਤੇ ਵਿਹਾਰਕ ਭਾਸ਼ਾਈ ਪਾਠ ਦੇ ਫਰਕ ਨੂੰ 'ਹਾਜ਼ਰ ਅਤੇ ਗ਼ੈਰ ਹਾਜ਼ਰ' ਸਿਧਾਂਤ ਰਾਹੀਂ ਸਮਝਾ ਰਿਹਾ ਹੈ। ਕਵਿਤਾ ਵਿਚ ਜਿਵੇਂ ਜਿਹੜੇ ਚਿਹਨ/ ਪ੍ਰਤੀਕ/ਕਾਵਿ-ਜੁਗਤਾਂ ਰਾਹੀਂ ਗੱਲ ਕਵੀ ਕਰਦਾ ਹੈ ਉਹਨਾਂ ਦੀ ਹਾਜ਼ਰੀ ਵਿਚ ਇਕ ਗ਼ੈਰ-ਹਾਜ਼ਰ ਅਰਥ ਪਏ ਹਨ ਜਿਹੜੇ ਪਾਠ ਅਤੇ ਪਾਠਕ ਦੀ ਕਿਰਿਆ ਨਾਲ ਜਾਗਦੇ ਹਨ। ਇਸ ਨੂੰ ਦੈਰਿਦਾ 'presence of absence' ਕਹਿੰਦਾ ਹੈ। ਜਾ ਕਿ ਜੋ ਦਿਖ ਰਿਹਾ ਹੈ, ਸੁਣ ਰਿਹਾ ਹੈ ਉਸਦੀ ਗ਼ੈਰਹਾਜਰੀ ਵਿਚ ਕੁਝ ਹੋਰ ਲੁਕਵਾਂ (hidden) ਵੀ ਹੈ- ਇਸੇ ਗ਼ੈਰਹਾਜ਼ਰ ਵਿਚ ਕਵੀ ਦੀ ਸਿਰਜਣਾ ਦੇ ਅਰਥ ਹਨ। ਪਰ ਇਸ ਚਰਚਾ ਵਿਚ ਦੈਰਿਦਾ ਇਹ ਵੀ ਖ਼ਬਰਦਾਰ ਕਰਦਾ ਹੈ ਜਦੋਂ ਕੋਈ ਲਿਖਤ ਹਾਜ਼ਰ ਦੇ ਅਧਿਆਤਮ ਨੂੰ ਸੱਚਾ ਸਾਬਿਤ ਕਰਨ ਲਈ ਆਪਣੇ ਸੱਚੇ ਅਰਥ 'ਤੇ ਜ਼ੋਰ ਦਿੰਦੀ ਹੈ ਤਾਂ ਇਹ ਇਕਾਂਗੀ ਵਿਚਾਰ 'ਤੇ (ਲੋਗੋਸੈਂਟਰਜ਼ਿਮ- logocentrism) ਕੇਂਦਰਿਤ ਹੋ ਕੇ 'Metaphyiscs of presence' ਦੇ ਆਦਰਸ਼ ਦੇ ਭੁਲਾਵੇਂ, ਅਰਥਾਂ ਦੀ ਤਾਨਾਸ਼ਾਹੀ ਦਾ ਪ੍ਰਕੋਪ ਕਿਵੇਂ ਵਾਪਰਦਾ ਰਿਹਾ ਹੈ- ਵੀ ਅਧਿਐਨ ਲਈ ਇਕ ਗੰਭੀਰ ਵਿਸ਼ਾ ਹੈ। ਫਿਲਹਾਲ ਸਮਝਣ ਦੀ ਜ਼ਰੂਰਤ ਸਿਰਫ਼ ਇਹ ਹੈ ਕਿ ਕਵਿਤਾ ਦੀ ਸਿਰਜਿਤ ਟੈਕਸਟ ਵਿਚ ਜੋ ਸਾਹਮਣੇ ਹੈ, ਤੋਂ ਜੋ ਵੱਖਰਾ ਹੈ ਉਹ ਜੋ ਮਹੱਤਵਪੂਰਨ ਹੈ। ਇਸ ਗੈਰਹਾਜ਼ਰ ਵੱਖਰੇ ਰੂਪ ਨੂੰ ਅਸੀਂ ਪੜ੍ਹ, ਸੁਣ ਅਤੇ ਦੇਖ ਨਹੀਂ ਰਹੇ ਸਗੋਂ ਮਹਿਸੂਸ ਕਰ ਰਹੇ ਹਾਂ। ਇਹ ਸਾਡੀਆਂ ਸੰਵੇਦਨਾਵਾਂ ਨਾਲ ਸਬੰਧਿਤ ਹੈ। ਇੱਥੇ ਹੀ ਤਾਂ ਕਵਿਤਾ ਦੀ ਪੜ੍ਹਤ ਦਾ ਮਸਲਾ ਖੜ੍ਹਾ ਹੁੰਦਾ ਹੈ ਕਿ ਕਿਉਂ ਇਕੋ ਕਾਵਿ-ਪਾਠ, ਵੱਖੋ-ਵੱਖਰੇ ਪਾਠਕਾਂ ਲਈ, ਵੱਖੋ-ਵੱਖਰੇ ਅਰਥਾਂ ਦਾ ਸੰਚਾਰ ਵੀ ਕਰ ਦਿੰਦਾ ਹੈ। ਉਤਰਆਧੁਨਿਕਤਾ ਅਤੇ ਉਤਰਮਾਨਵਵਾਦ ਨੇ ਪਾਠ ਦੇ ਅਰਥਾਂ ਨੂੰ ਇਕਾਂਗੀ ਅਤੇ ਤਾਨਾਸ਼ਾਹੀ ਹੋਣ ਤੋਂ ਵੀ ਬਚਾਇਆ ਹੈ ਅਤੇ ਅਰਥਾਂ ਦੀ ਯੂਨੀਵਰਸਲ ਹੋਂਦ ਬਾਰੇ ਵੀ ਖ਼ਬਰਦਾਰ ਕੀਤਾ ਹੈ। ਗ਼ੈਰਹਾਜ਼ਰੀ ਦੇ ਇਸ ਅਧਿਆਤਮ ਨੂੰ ਆਨੰਦ ਵਰਧਨ ਦੇ ਧੁਨੀ ਸਿਧਾਂਤ ਰਾਹੀਂ ਵੀ ਸਮਝਿਆ ਜਾ ਸਕਦਾ ਹੈ- ਅਭਿਧਾ, ਲਕਸ਼ਣਾ ਅਤੇ ਵਿਅੰਜਨਾ ਸ਼ਬਦ-ਸ਼ਕਤੀਆਂ ਦੀ ਸਿਧਾਂਤਕੀ ਰਾਹੀਂ।

ਮਸਲਾ ਹੁਣ ਇਹ ਖੜ੍ਹਾ ਹੁੰਦਾ ਹੈ ਕਿ ਕਵਿਤਾ 'ਚ ਗੈਰਹਾਜ਼ਰ ਅਰਥਾਂ ਦੀ ਪਛਾਣ (Trace, Track, Path, Mark) ਇਹ ਸ਼ਬਦ ਗਾਇਤਰੀ ਸਪੀਵਾਕ ਨੇ ਆਪਣੀ ਅਨੁਵਾਦ ਭੂਮਿਕਾ ਵਿਚ Trace ਲਈ ਵਰਤੇ ਹਨ) ਕਿਵੇਂ ਕਰਨੀ ਚਾਹੀਦੀ ਹੈ। ਇਸ ਪੱਖੋਂ ਪ੍ਰਸੰਗ (context) ਬਹੁਤ ਹੀ ਮਹੱਤਵਪੂਰਨ ਸ਼ਬਦ-ਸੰਕਲਪ ਹੈ ਜਿਸਦੀਆਂ ਅਨੇਕਾਂ ਵਿਆਖਿਆਵਾਂ ਹੋਈਆਂ ਹਨ। ਇੱਥੋਂ ਤੱਕ ਕਿ ਸੋਸਿਊਰ ਭਾਵੇਂ ਕਿੰਨਾਂ ਵੀ ਭਾਸ਼ਾਈ-ਚਿਹਨ ਨੂੰ ਸੁਤੰਤਰ ਅਤੇ ਆਪਹੁਦਰਾ (aribtrary) ਕਹੇ, ਪ੍ਰਸੰਗ ਦੇ ਮਹੱਤਵ ਨੂੰ ਸਮਝਦਾ ਹੈ, ਕਾਵਿ-ਪਾਠ ਦੀਆਂ ਚਿਹਨਕ-ਧੁਨੀਆਂ ਕੁਝ ਸੰਕੇਤ ਕਰਦੀਆਂ ਹਨ- ਪਾਠਕ ਦੀਆਂ ਗਿਆਨ-ਇੰਦਰੀਆਂ ਰਾਹੀਂ। ਪਰ ਉਹ ਪਛਾਣ (trace) ਲਈ ਗ਼ੈਰਹਾਜ਼ਰ ਅਰਥਾਂ ਨੂੰ ਕਿਹੜੇ ਪ੍ਰਸੰਗ ਵਿਚ ਸਮਝੇ। ਕੀ ਪਾਠ ਵਿਚ ਹੀ ਪ੍ਰਸੰਗ ਦੇ ਸੰਕੇਤ ਪਏ ਹੁੰਦੇ ਹਨ। ਇਸ ਪੱਖ ਤੋਂ ਕੋਈ ਵੀ ਸਾਹਿਤ-ਆਲੋਚਨਾ ਦਾ ਸਕੂਲ ਹੋਵੇ,  ਕਾਵਿ-ਪਾਠ ਦੇ ਅਰਥ ਜਿਨ੍ਹਾਂ ਪ੍ਰਸੰਗਾਂ ਨਾਲ ਪੂਰੇ ਕੀਤੇ ਜਾਂਦੇ ਹਨ ਜਾਂ ਸਮਝੇ ਜਾਂਦੇ ਹਨ- ਉਨ੍ਹਾਂ ਦਾ ਮੂਲ ਤਾਂ ਹਾਜ਼ਰ ਟੈਕਸਟ ਹੁੰਦੀ ਹੈ। ਪਰ ਮਸਲਾ ਮੂਲ-ਪਾਠ ਤੋਂ ਪ੍ਰਸੰਗਾਂ ਰਾਹੀਂ ਪਾਠ ਦੇ ਗ਼ੈਰ-ਹਾਜ਼ਰ ਅਰਥਾਂ ਤੱਕ ਪਹੁੰਚਣ ਲਈ ਸੁਜੱਗ ਆਦਰਸ਼ਕ ਪਾਠਕ ਲਈ ਕੀ ਜ਼ਰੂਰੀ ਹੈ? ਇਹੀ ਬੁਨਿਆਦੀ ਸਵਾਲ ਹੈ ਜਿਹੜਾ ਇਸ ਲੇਖ ਦਾ ਮੂਲ ਮਕਸਦ ਹੈ। ਸੁਜੱਗ ਆਦਰਸ਼ਕ ਪਾਠਕ ਜਦੋਂ ਕਾਵਿ-ਪਾਠ ਦੀ ਪੜ੍ਹਤ ਨਾਲ ਜੁੜਦਾ ਹੈ ਤਾਂ ਕੀ ਉਹ ਆਪਣੇ ਵਿਚਾਰ ਲਾਂਭੇ ਰੱਖਕੇ, ਪੜ੍ਹਤ ਨਾਲ ਜੁੜੇ, ਨਿਰਪੱਖਤਾ ਨਾਲ ਅਧਿਐਨ ਕਰੇ? ਇਹ ਤਾਂ ਖ਼ੈਰ ਸੰਭਵ ਨਹੀਂ... ਹੁਣ ਤੱਕ ਦੀ ਪੜ੍ਹਤ ਦਾ ਇਤਿਹਾਸ, ਕਵਿਤਾ ਦੀ ਪੜ੍ਹਤ ਅਤੇ ਅਧਿਐਨ ਵਿਚ ਨਿਰਪੱਖ ਤਾਂ ਨਹੀਂ ਰਿਹਾ। ਪਰ ਤਾਂ ਵੀ ਕਾਵਿ-ਪਾਠ ਦੀ ਪੜ੍ਹਤ ਲਈ ਅਰਥਾਂ ਦੀ ਤਾਨਾਸ਼ਾਹੀ ਤੋਂ ਬਚਣ ਲਈ, ਪਾਠਕ ਨੂੰ ਕਵੀ ਦੀ ਇਤਿਹਾਸਕ ਪ੍ਰਕਿਰਿਆ; ਉਸ ਇਤਿਹਾਸ ਦੀ ਜਾਣਕਾਰੀ ਜਿਸ ਵਿਚ ਕੋਈ ਪਾਠ ਲਿਖਿਆ ਸਿਰਜਿਆ ਗਿਆ; ਕਾਵਿ-ਪਾਠ ਦੇ ਰੂਪਾਕਾਰ ਬਾਰੇ ਗਿਆਨ; ਲਿਖਤ ਦੇ ਸਮੇਂ ਅਤੇ ਸਪੇਸ ਦੇ ਸਾਹਿਤਕ-ਸੰਵਾਦ; ਕਵੀ ਦੀ ਸਿਰਜਣ-ਪ੍ਰਕਿਰਿਆ ਦੇ ਇਤਿਹਾਸ ਬਾਰੇ ਤਾਂ ਜਾਣਕਾਰੀ ਬਹੁਤ ਜ਼ਰੂਰੀ ਹੈ। ਇੱਥੋਂ ਤੱਕ ਕਿ ਅਕਾਦਮਿਕ ਅਧਿਐਨਾਂ (Acadeimc Stuides) ਵਿਚ ਵੀ ਇਨ੍ਹਾਂ ਤੱਥਾਂ ਦੀ ਜਾਣਕਾਰੀ ਜ਼ਰੂਰੀ ਹੈ। ਮਸਲਨ ਕਵਿਤਾ ਦੇ ਸੰਰਚਨਾਤਮਕ, ਸੰਰਚਨਾਵਾਦੀ ਦ੍ਰਿਸ਼ਟੀਗਤ ਅਧਿਐਨ ਲਈ ਇਹ ਕਾਫ਼ੀ ਨਹੀਂ ਕਿ ਪਾਠ ਨੂੰ ਗਤੀਹੀਣ ਸਥਿਤ ਬਿੰਦੂ ਤੋਂ, ਉਸਦੀ ਸਾਹਿਤਕ ਪਛਾਣ ਕੀਤੀ ਜਾਵੇ। ਇੱਥੇ ਵੀ ਕਾਵਿ-ਪਾਠ ਦੇ ਉਪਰੋਕਤ ਪੱਖਾਂ ਅਤੇ ਤੱਥਾਂ ਦੀ ਜਾਣਕਾਰੀ ਜਰੂਰੀ ਬਣ ਜਾਂਦੀ ਹੈ। ਨਹੀਂ ਤਾਂ ਇਹ ਸਾਰੇ ਅਧਿਐਨ ਮਾਡਲ ਅਰਥਾਂ ਦੀ ਤਾਨਾਸ਼ਾਹੀ ਦੇ ਨੇੜੇ ਰਹਿਣਗੇ।

ਇੱਕ ਸਵਾਲ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਕਿਸੇ ਕਵਿਤਾ/ਕਵਿਤਾ-ਸੰਗ੍ਰਿਹ ਦੇ ਮੂਲ ਪਾਠ ਵਿਚ ਵੀ ਅਰਥਾਂ ਦੀ ਤਾਨਾਸ਼ਾਹੀ ਹੁੰਦੀ ਹੈ ਜਾਂ ਹੋ ਸਕਦੀ ਹੈ? ਇਸ ਦਾ ਜਵਾਬ ਵੀ ਹਾਂ ਵਿਚ ਹੋਵੇਗਾ। ਜਦੋਂ ਕੋਈ ਕਵੀ

ਆਪਣੇ ਮਕਸਦ ਨੂੰ ਸੱਚੇ ਅਰਥਾਂ ਦੀ ਸੱਚੀ ਹਾਜ਼ਰੀ ਬਣਾ ਕੇ ਪੇਸ਼ ਕਰਨ ਦਾ ਦਾਅਵਾ ਕਰਦਾ ਹੈ ਤਾਂ ਇਹ ਸੰਭਾਵਨਾ ਜਿਆਦਾ ਹੁੰਦੀ ਹੈ ਕਿ ਕਾਵਿ-ਪਾਠ ਜਿਸ ਘਟਨਾ-ਕ੍ਰਮ ਨੂੰ ਪੇਸ਼ ਕਰਦਾ ਹੈ ਉਸ ਘਟਨਾ-ਕ੍ਰਮ ਦੇ ਸੱਚੇ/ਪਰਿਮਾਣਕ (truthfulness) ਹੋਣ ਦੇ ਦਾਅਵੇ ਵਿਚ, ਕਵੀ/ਲੇਖਕ ਦੇ ਵਿਚਾਰਾਂ ਦੀ ਤਾਨਾਸ਼ਾਹੀ ਹੀ ਪੇਸ਼ ਹੋ ਰਹੀ ਹੋਵੇ। ਇਸ ਲਈ ਪਾਠ ਅਤੇ ਪੜ੍ਹਤ ਦੋਵੇਂ ਹੀ ਅਰਥਾਂ ਦੀ ਤਾਨਾਸ਼ਾਹੀ ਦੇ ਸ਼ਿਕਾਰ ਹੋ ਸਕਦੇ ਹਨ। ਇਹ ਵਿਚਾਰ ਕਵਿਤਾ ਵਿਚ ਉਦੋਂ ਆਉਂਦਾ ਹੈ ਜਦੋਂ ਕੋਈ ਕਵੀ ਘਟਨਾ-ਕ੍ਰਮ (ਵਸਤੂ, ਥੀਮ, ਬਿਰਤਾਂਤ) ਬਾਰੇ ਲਿਖਤ ਤੋਂ ਪਹਿਲਾਂ ਇਕ ਇਕਾਂਗੀ (ਮੋਨੋਸਿਟਿਚ ਡਿਨਓਲ) ਨਿਰਨਾ ਲੈ ਲੈਂਦਾ ਹੈ। ਅੰਦੋਲਨਾਂ ਬਾਰੇ ਕਵਿਤਾ ਨਹੀਂ ਲਿਖਣੀ ਚਾਹੀਦੀ। ਮੈਂ ਇਹ ਨਹੀਂ ਕਹਿ ਰਿਹਾ ਹਾਂ ਇਹ ਕਿਵੇਂ ਸੰਭਵ ਹੈ ਕਿ ਕੋਈ ਕਵੀ ਆਪਣੇ ਸਮੇਂ ਦੇ ਅੰਦੋਲਨਾਂ ਤੋਂ ਪ੍ਰਭਾਵਿਤ ਨਾ ਹੋਵੇ। ਮੈਂ ਕਹਿ ਇਹ ਕਹਿ ਰਿਹਾਂ ਕਿ ਕੋਈ ਕਵੀ ਜਦੋਂ ਆਪਣੇ ਇਕਹਿਰੇ, ਇਕਪੱਖੀ, ਤਾਨਾਸ਼ਾਹੀ ਐਲਾਨਨਾਮੇ ਨੂੰ ਕਿਸੇ ਵਿਸ਼ੇ ਦੀ ਜ਼ਮੀਨ ਬਣਾ ਲਵੇ ਪ੍ਰਚਾਰ ਦਾ ਆਧਾਰ ਬਣਾ ਲਵੇ ਤਾਂ ਅਰਥਾਂ ਦੀ ਤਾਨਾਸ਼ਾਹੀ ਵਾਪਰਦੀ ਹੈ। ਇਸ ਪ੍ਰਕਿਰਿਆ ਬਾਰੇ ਰੇਮੰਡ ਵਿਲੀਅਮਜ਼ ਦੇ ਲੇਖ 'ਗੁੱਟਬੰਦੀ ਅਤੇ ਪ੍ਰਤਿਬੱਧਤਾ' (ਅਲਾਈਨਮੈਂਟ ਐਂਡ ਕਮਿਟਮੈਂਟ) ਰਾਹੀਂ ਵੀ ਸਮਝਿਆ ਜਾ ਸਕਦਾ ਹੈ। ਗੁਟਬੰਦਕ ਹੋ ਕੇ ਜਦੋਂ ਕੋਈ ਕਵੀ ਕਿਸੇ ਅੰਦੋਲਨ ਦੇ ਹੱਕ/ਵਿਰੋਧ ਵਿਚ ਖੜ੍ਹਦਾ ਹੈ ਤਾਂ ਬਹੁਤੀ ਵਾਰ ਉਹ ਅੰਦੋਲਨ ਦੇ ਬਹੁਪਾਸਾਰੀ ਪ੍ਰਭਾਵਾਂ ਨੂੰ ਸਮਝਣ ਤੋਂ ਬਿਨਾਂ ਹੀ ਆਪਣੀ ਰਚਨਾ ਨੂੰ 'ਸੱਚੀ ਕ੍ਰਾਂਤੀਕਾਰੀ' ਕਹਿ ਕੇ ਵਸਤੂ ਨੂੰ ਥੀਮੈਟਿਕ ਟਰੀਟਮੈਂਟ ਦਿੰਦਾ ਹੈ। ਕਈ ਵਾਰ ਰੀਟੋਰਿਕ ਯਾਨਰ, ਨਾਹਰੇਬਾਜ਼ੀ 'ਚ ਘਟਾਉ ਦੀ ਪ੍ਰਕਿਰਿਆ ਦਾ ਸ਼ਿਕਾਰ ਹੋ ਜਾਂਦਾ ਹੈ। ਹਲਾਂਕਿ ਰੀਟੋਰਿਕ (Rhetoric) ਇਕ ਅਜਿਹਾ ਮਹੱਤਵਪੂਰਨ ਕਾਵਿਕ-ਯਾਨਰ ਹੈ ਜਿਹੜਾ ਰਾਜਨੀਤਕ ਆਵੇਸ਼ ਅਤੇ ਕ੍ਰਾਂਤੀਕਾਰੀ ਰੋਮਾਂਸ ਦੀ ਰੀੜ੍ਹ ਹੁੰਦਾ ਹੈ। ਪਾਸ਼ ਦੀ ਕਵਿਤਾ ਰੀਟੋਰਿਕ, ਗੁਟਬੰਦੀ ਤੋਂ ਅਗਾਂਹ ਦਾ ਸਫ਼ਰ ਤੈਅ ਕਰਕੇ ਭਾਵੁਕ ਅਤੇ ਬੌਧਿਕ ਪ੍ਰਤਿਬੱਧਤਾ ਦੀ ਭਾਵਨਾ ਰਾਹੀਂ ਕਾਵਿ-ਪਾਠ ਦੀ ਸਿਰਜਣਾ ਕਰਦੀ ਹੈ। ਪਰ ਹੁਣ ਪਿਛਲੇ ਸਮੇਂ ਕਿਸਾਨ ਅੰਦੋਲਨ ਬਾਰੇ ਲਿਖੀਆਂ ਗਈਆਂ ਬਹੁਤੀਆਂ ਕਵਿਤਾਵਾਂ ਕਲਾਤਮਿਕ ਅਤੇ ਵਿਚਾਰ ਪੱਖੋਂ ਵੀ ਊਣੀਆਂ ਰਹੀਆਂ ਅਤੇ ਕਿਸਾਨ ਅੰਦੋਲਨ ਦੇ ਵਿਚਾਰਧਾਰਾਈ ਸ਼ੇਡਜ਼ ਨੂੰ ਵੀ ਪ੍ਰਗਟ ਕਰਨੋਂ ਅਸਮਰਥ ਰਹੀਆਂ। ਪਰ ਇਹ ਇਕ ਐਸਾ ਪ੍ਰੋਟੈਸਟ ਸੀ ਜਿਹੜਾ ਹਰ ਵਿਅਕਤੀ ਜਿਹੜਾ ਕਵੀ ਸੀ, ਉਹ ਇਸ ਅੰਦੋਲਨ ਬਾਰੇ ਕਵਿਤਾ ਲਿਖਣਾ ਜਿਵੇਂ ਆਪਣਾ ਨੈਤਿਕ ਫ਼ਰਜ਼ ਸਮਝਦਾ ਸੀ। ਪਰ ਕੁਝ ਕਵੀਆਂ ਨੇ ਇਸ ਅੰਦੋਲਨ ਦੇ ਪ੍ਰੋਟੈਸਟ ਦੀ ਸਾਂਝੀ ਭਾਵਨਾ ਦੀ ਵਿਲੱਖਣਤਾ ਦੇ ਬਿੰਬ ਨੂੰ ਆਪਣੇ ਕਾਵਿਕ-ਬਿੰਬਾਂ 'ਚ ਵਧੇਰੇ ਪ੍ਰਭਾਵਸ਼ਾਲੀ ਰੂਪ 'ਚ ਸਿਰਜਕੇ, ਇਸ ਅੰਦੋਲਨ ਦੇ ਵਿਲੱਖਣ ਰੂਪ ਨੂੰ ਇਤਿਹਾਸ ਵਿਚ ਕਵਿਤਾ 'ਚ ਸਾਂਭਿਆ ਵੀ। ਦੇਖੋ ਇਕ ਤਾਂ ਇਸ ਪੱਖ ਤੋਂ ਕੱਚ-ਘਰੜ ਕਵੀ ਹੁੰਦੇ ਹਨ ਜਿਹੜੇ ਆਪਣੀਆਂ 'ਈਮਾਨਦਾਰ ਸੰਵੇਦਨਾਵਾਂ' ਨੂੰ ਤੁਕਬੰਦ ਕਰ ਲੈਂਦੇ ਹਨ। ਇਹ ਸ਼੍ਰੇਣੀ ਹਰ ਯੁੱਗ ਵਿਚ ਹੀ ਹੁੰਦੀ ਹੈ- ਪਰ ਯੁੱਗ-ਬੋਧ ਤੋਂ ਵਿਰਵੀ। ਪਰ ਮੈਂ ਅੰਦੋਲਨਾਂ ਦੀ ਕਵਿਤਾ ਬਾਰੇ, ਉਸ ਕਾਵਿ-ਪਾਠ ਬਾਰੇ ਗੱਲ ਕਰ ਰਿਹਾ ਹਾਂ ਜਿਸ ਵਿਚ ਯੁੱਗ-ਬੋਧ ਨੂੰ ਆਪਣੇ ਇਕਾਂਗੀ ਅਤੇ ਤਾਨਾਸ਼ਾਹੀ ਆਦਰਸ਼ਾਂ ਰਾਹੀਂ, ਸੱਚ ਪੇਸ਼ ਕਰਨ ਦਾ ਦਾਅਵਾ ਪੇਸ਼ ਹੁੰਦਾ ਹੈ। ਇਹ ਇਕ ਗੰਭੀਰ ਮਸਲਾ ਹੈ ਕਿ ਵਿਚਾਰ ਦੀ ਤਾਨਾਸ਼ਾਹੀ ਜਦੋਂ ਕਾਵਿ-ਪਾਠ ਵਿਚ, ਅਰਥਾਂ ਦੀ ਤਾਨਾਸ਼ਾਹੀ ਬਣਕੇ, ਸੱਚ (Truth) ਦਾ ਭੁਲਾਵਾ (illusion) ਸਿਰਜੇ ਤਾਂ ਉਸ ਨੂੰ ਕਿਵੇਂ ਡੀਕੋਡ ਕਰਨਾ ਹੈ। ਇਸ ਪੱਖ ਤੋਂ ਪਾਠਕ ਪ੍ਰਸੰਗਾਂ ਦੇ ਇਤਿਹਾਸ ਨੂੰ ਗੰਭੀਰਤਾ ਨਾਲ਼ ਵਾਚੇ ਅਤੇ ਜੋ ਦਿਸਦਾ ਹੈ, ਦੀ ਡੂੰਘ 'ਚ ਕੀ ਸੱਚ ਹੈ ਦੀ ਤਲਾਸ਼ ਨਾਲ ਜੁੜੇ। ਵਿਚਾਰਾਂ ਦਾ ਜਗਤ ਐਨਾ ਗੁੰਝਲਦਾਰ ਹੈ ਕਿ ਭਾਸ਼ਾਈ ਦਿੱਖ ਤੋਂ ਕੋਈ ਵਿਚਾਰ, ਬਾਹਰੋਂ ਸੱਚ ਦਾ ਭੁਲਾਵਾ ਦੇ ਦਿੰਦਾ ਹੈ। ਇਸ ਦਿੱਖ ਅਤੇ ਸਾਰ (Essence) ਦੇ ਫਰਕ ਦੀ ਪਛਾਣ (trace) ਨੂੰ ਸਮਝਣ ਲਈ ਵਰਤਮਾਨ ਟੀ.ਵੀ., ਮੀਡੀਆਂ ਦੇ ਪ੍ਰਵਚਨਾਂ ਦੀ ਦਿੱਖ ਨੂੰ ਉਦਾਹਰਣ ਦੇ ਤੌਰ 'ਤੇ ਦੇਖ ਸਕਦੇ ਹਾਂ। ਉਤਰਆਧੁਨਿਕਤਾ ਦੇ ਹਾਈਪਰ ਰਿਆਲਿਟੀ ਦੇ ਸਿਧਾਂਤ ਰਾਹੀਂ, ਮੰਡੀ ਦੇ ਭਾਸ਼ਾਈ-ਆਡੰਬਰ ਦੀ ਵਾਸਤਵਿਕਤਾ ਨੂੰ ਸਮਝਿਆ ਜਾ ਸਕਦਾ ਹੈ। ਕਵਿਤਾ ਹਾਲਾਂਕਿ ਆਪਣੀ ਯਾਨਰਿਕ ਵਿਲੱਖਣਤਾ ਰਾਹੀਂ ਮਾਨਵੀ ਸੰਵੇਦਨਾਵਾਂ ਦੇ ਜਗਤ ਵਿਚ ਵਿਚਰਦੀ ਹੈ ਅਤੇ ਮਾਨਵਤਾਵਾਦੀ ਭਾਵਨਾਵਾਂ ਜਗਾਉਣ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਸਿਰਜਣਾਤਮਿਕ ਮਾਧਿਅਮ ਹੈ। ਸਗੋਂ ਅੱਜ ਦੇ ਭਾਸ਼ਾਈ ਹਿੰਸਾ ਦੇ ਯੁੱਗ ਵਿਚ ਕਾਵਿਕ-ਭਾਸ਼ਾ ਦੀ ਮਾਨਵੀ ਸੰਵੇਦਨਾ, ਸ਼ਬਦ ਦੀ ਬੌਧਿਕਤਾ ਨੂੰ ਸੰਵੇਦਨੀ ਰੂਪ ਵਿਚ ਨੂੰ ਪ੍ਰਗਟ ਕਰ ਸਕਦੀ ਹੈ। ਪਰ ਪਾਠਕ ਲਈ ਇਹ ਵੀ ਜ਼ਰੂਰੀ ਹੈ ਕਿ ਭਾਸ਼ਾ ਦਾ ਪ੍ਰਾਕਰਮ ਵੀ ਦੂਹਰਾ ਹੈ, ਨੂੰ ਵੀ ਪਾਠਕ ਸਮਝੇ।

ਅੱਜ ਦੇ ਕਵਿਤਾ ਪਾਠਕ ਨੇ ਭਾਸ਼ਾਈ ਵਰਤਾਰੇ ਦੇ ਇਸ ਦੂਹਰੇ ਚਰਿੱਤਰ ਨੂੰ ਵੀ ਸਮਝਣਾ ਹੈ। ਭਾਸ਼ਾ ਦੀ ਹਿੰਸਾ, ਜਦੋਂ ਕਵਿਤਾ 'ਚ ਆਉਂਦੀ ਹੈ ਤਾਂ ਸਗੋਂ ਇਹ ਵਧੇਰੇ ਹਿੰਸਾਤਮਕ ਰੂਪ ਵੀ ਗ੍ਰਹਿਣ ਕਰ ਸਕਦੀ ਹੈ। ਸੋ ਅਰਥਾਂ ਦੀ ਤਾਨਾਸ਼ਾਹੀ ਅਤੇ ਭਾਸ਼ਾਈ-ਹਿੰਸਾ ਦੇ ਵਰਤਾਰੇ ਦੇ ਪ੍ਰਾਕਰਮ ਨੂੰ ਅਜੋਕੇ ਪਾਠਕ ਨੇ ਵਧੇਰੇ ਸੁਚੇਤ ਹੋ ਕੇ ਸਮਝਣਾ ਹੈ ਤਾਂ ਹੀ ਕਵਿਤਾ ਦੀ ਸਿਰਜਣਾਤਮਿਕ ਭੂਮਿਕਾ ਨੂੰ ਕਿਸੇ ਸਮਾਜਿਕ-ਸੰਸਕ੍ਰਿਤਕ ਸੰਰਚਨਾ ਦੇ ਪ੍ਰਤਿਰੋਧਕ


www.sanvad.org
ISSN : 2395-1273

ਰੂਪ ਵਿਚ ਸਮਝਿਆ ਜਾ ਸਕਦਾ ਹੈ।

> ਰੂਸੀ ਭਾਸ਼ਾ ਵਿਗਿਆਨੀ ਨੌਮ ਚੌਮਸਕੀ ਕਿਸੇ ਭਾਸ਼ਾ ਬੋਲਦੇ ਵਿਅਕਤੀ ਦੇ ਅਚੇਤ ਭਾਸ਼ਾ-ਗਿਆਨ ਅਤੇ ਭਾਸ਼ਾ-ਕਾਰਜ ਵਿਚ ਨਿਖੇੜਾ ਕਰਦਾ ਹੈ। ਭਾਸ਼ਾ ਸੰਬੰਧੀ ਜੋ ਉਹ ਅਚੇਤ ਤੌਰ ’ਤੇ ਜਾਣਦਾ ਹੈ ਉਸਨੂੰ ਚੌਮਸਕੀ ਯੋਗਤਾ (Competence) ਕਹਿੰਦਾ ਹੈ ਜੋ ਕੁਝ ਉਹ ਕਰਦਾ ਹੈ ਉਸਨੂੰ ਨਿਭਾਓ (Performance) ਕਹਿੰਦਾ ਹੈ, ਇਸੇ ਸਿਧਾਂਤ ਨੂੰ ਰੋਲਾਂ ਬਾਰਤ ਨੇ ਸਾਹਿਤ-ਸਿਰਜਣਾ ਵਿਚ ਲਾਗੂ ਕਰਦਿਆਂ ਕਿਹਾ ਕਿ ਮਨੁੱਖ ਸਿਰਫ਼ ਭਾਸ਼ਾ ਬੋਲਦੇ ਸਮਾਜ ਵਿਚ ਹੀ ਜਨਮ ਨਹੀਂ ਲੈਂਦਾ, ਉਹ ਸਾਹਿਤ-ਸਿਰਜਦੇ ਸਮਾਜ ਵਿਚ ਵੀ ਜਨਮ ਲੈਂਦਾ ਹੈ।... ਸਾਹਿਤ-ਸਿਰਜਣਾ ਸਾਹਿਤ-ਯੋਗਤਾ ਦਾ ਨਿਭਾਉ ਹੈ। (ਹਰਿਭਜਨ ਸਿੰਘ, ਸਾਹਿਤ ਅਧਿਐਨ: 1981)

ਇਸ ਪੱਖੋਂ ਪਾਠਕ ਦੀ ਯੋਗਤਾ ਜਦੋਂ ਸਾਹਿਤ ਦੀ ਪੜ੍ਹਤ ਵੱਲ ਆਉਂਦੀ ਹੈ ਤਾਂ ਸਾਧਾਰਨ ਭਾਸ਼ਾਈ-ਯੋਗਤਾ ਵੀ ਵਿਲੱਖਣ ਹੋ ਜਾਂਦੀ ਹੈ, ਵਿਸ਼ੇਸ਼ ਹੋ ਜਾਂਦੀ ਹੈ। ਇਸੇ ਲਈ ਮੈਂ ਕਵਿਤਾ ਦੀ ਪੜ੍ਹਤ ਲਈ ਵਿਸ਼ੇਸ਼ ਸੁਜੱਗ ਪਾਠਕ ਦੀ ਜ਼ਰੂਰਤ ਨੂੰ ਕੇਂਦਰਿਤ ਕੀਤਾ ਹੈ। ਹਰਿਭਜਨ ਸਿੰਘ ‘ਸਾਹਿਤ-ਯੋਗਤਾ’ ਲੇਖ ਵਿਚ ਪਾਠਕ ਦੀ ਸੁਜੱਗਤਾ ਦੇ ਮਹੱਤਵ ਬਾਰੇ ਕਹਿੰਦਾ ਹੈ:

> ਸਾਹਿੱਤ ਕਿਰਤ ਨੂੰ ਪੜ੍ਹਨਾ ਜਾਂ ਸੁਣਨਾ ਉਸਦੀ ਪੁਨਰ ਰਚਨਾ ਬਰਾਬਰ ਹੈ। ਸਿਰਜਣ ਕੇਵਲ ਵਸਤੂ ਮੁਖੀ ਹੀ ਨਹੀਂ, ਉਸ ਦਾ ਮਨੋ-ਮੁੱਖ ਪੱਖ ਵੀ ਹੈ।... ਇਸ ਦ੍ਰਿਸ਼ਟੀ ਤੋਂ ਹਰ ਸਾਧਾਰਣ ਵਿਅਕਤੀ ਕਲਾਕਾਰ ਹੈ ਅਤੇ ਕਲਾ-ਯੋਗਤਾ ਮਨੁੱਖੀ ਸਮਾਜ ਦੇ ਹਰ ਜੀਅ ਦੀ ਸਹਿਜ-ਯੋਗਤਾ ਹੈ। (ਹਰਿਭਜਨ ਸਿੰਘ, ਸਾਹਿਤ ਯੋਗਤਾ, ਸਾਹਿਤ ਅਧਿਐਨ, 1981)

ਪਰ ਉਹ ਸਹਿਜ-ਯੋਗਤਾ ਕਵਿਤਾ ਦੀ ਮੈਟਾਫ਼ੋਰੀਕਲ ਬਿਰਤੀ ਅਤੇ ਬਿੰਬ-ਰਚਨਾ ਨੂੰ ਸਮਝਣ ਦੀ ਯੋਗਤਾ ਨਹੀਂ, ਕਵਿਤਾ/ਕਲਾ ਦਾ ਰਸ ਮਾਨਣ ਦੀ ਸੁਭਾਵਕ ਮਾਨਵੀ ਬਿਰਤੀ ਹੈ। ਇਸ ਸਹਿਜ-ਯੋਗਤਾ ਨੇ ਜਦੋਂ ਕਵਿਤਾ ਨਾਲ ਨਾਤਾ ਜੋੜਨਾ ਹੈ...ਇੱਕ ਪਾਠਕ ਦੇ ਤੌਰ ’ਤੇ ਤਾਂ ਸਹਿਜ-ਯੋਗਤਾ ਨੂੰ ਵਿਸ਼ੇਸ਼ ਯੋਗਤਾ ’ਚ ਪਰਿਵਰਤਿਤ ਕਰਨ ਦੀ ਜ਼ਰੂਰਤ ਪੈਂਦੀ ਹੈ। ਕਵਿਤਾ ਦੀ ਪੜ੍ਹਤ ਲਈ ਇਹ ਅਹਿਮ ਮੁੱਦਾ ਹੈ ਕਿ ਕਿਸੇ ਸਮਾਜ ਦੇ ਪਾਠਕ ਨੇ ਕਵਿਤਾ ਨੂੰ ਪ੍ਰਕਿਰਤਕ ਸਹਿਜ-ਯੋਗਤਾ ਰਾਹੀਂ ਪੜ੍ਹਨਾ ਹੈ ਜਾਂ ਵਿਸ਼ੇਸ਼ ਪੜ੍ਹਤ ਬਣਾਉਣਾ ਹੈ। ਨਿਰਸੰਦੇਹ ਸਾਹਿਤ-ਚਿੰਤਨ ਵਿਚ ਕਵਿਤਾ ਦੀ ਪੜ੍ਹਤ ਸਹਿਜ-ਯੋਗਤਾ ਤੋਂ ਅਗਲੇਰਾ ਸਫ਼ਰ ਹੈ; ਹੋਣਾ ਵੀ ਚਾਹੀਦਾ ਹੈ। ਜੇਕਰ ਕਿਸੇ ਕੌਮ ਦੀ ਸਿਰਜਣਾ ਨੂੰ ਗਹਿਰ-ਗੰਭੀਰ ਰੂਪ ਵਿਚ ਸਮਝਣਾ ਹੈ ਤਾਂ ਗਹਿਰ-ਗੰਭੀਰ ਅਤੇ ਸੁਜੱਗ ਪੜ੍ਹਤ ਦੀ ਜ਼ਰੂਰਤ ਹੈ। ਪੰਜਾਬੀ ਕਾਵਿ-ਪਰੰਪਰਾਵਾਂ ਨੂੰ ਪੜ੍ਹਨ ਲਈ, ਸਹਿਜ-ਯੋਗਤਾ ਨਾਲ ਪੜ੍ਹਨ ਦਾ ਕਾਰਜ ਵਧੇਰੇ ਰਿਹਾ ਹੈ। ਸਾਡੀ ਸਾਹਿਤ ਸਮੀਖਿਆ ਦੀ ਵੀ ਇਹ ਖ਼ਾਮੀ ਰਹੀ ਹੈ ਕਿ ਅਸੀਂ ਸਾਧਾਰਣ ਵਿਅਕਤੀ-ਯੋਗਤਾ ਦੀ ਪੜ੍ਹਤ ਨੂੰ ਬਹੁਤੀ ਵਾਰ ਅੰਤਿਮ ਮੰਨਦਿਆਂ, ਸਿੱਟੇ ਕੱਢੇ ਹਨ। ਇਸ ਦੀ ਜਿਊਂਦੀ-ਜਾਗਦੀ ਉਦਾਹਰਣ ਉੱਨੀ ਸੌ ਨੱਬੇ ਤੋਂ ਬਾਅਦ ਦੀ ਪੰਜਾਬੀ ਕਵਿਤਾ ਬਾਰੇ ਇਹ ਨਿਰਣਾ ਕਿ ਇਹ ਕਵਿਤਾ ਪਾਠਕ-ਮੁਖ ਨਹੀਂ; ਸਰੋਤੇ ਤੋਂ ਤਾਂ ਬਿਲਕੁੱਲ ਟੁੱਟ ਰਹੀ ਹੈ। ਇਸਦਾ ਸਪਸ਼ਟ ਕਾਰਨ ਇਹੀ ਹੈ ਕਿ ਅਸੀਂ ਸਿਰਜਣਾ ਵਿਚ ਭਾਸ਼ਾਈ-ਚਿਹਨਾਂ ਦੇ ਪਰਿਵਰਤਨ ਦੀ ਥਾਹ ਨਹੀਂ ਪਾਈ ਅਤੇ ਵਰਗ ਵਿਸ਼ੇਸ਼ ਅਤੇ ਵਿਚਾਰਧਾਰਾ ਵਿਸ਼ੇਸ਼ ਤੋਂ ਨੱਬੇ ਦੀ ਕਵਿਤਾ ਤੋਂ ਧਾਰਾਵਾਂ ਦੀ ਕਵਿਤਾ ਦੇ ਸਮੂਹਿਕ ਸੰਬੋਧਨ ਦੀ ਤਲਾਸ਼ ਕਰਦੇ ਰਹੇ। ਸਿੱਟਾ ਇਹ ਕੱਢਿਆ ਕਿ ਇਹ ਨਵੀਂ ਕਵਿਤਾ ਸਵੈ-ਮੁਖ ਹੋ ਗਈ, ਸਮਾਜਿਕ-ਮੁੱਖ ਤੋਂ। ਇੱਥੇ ਵੀ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਸਵੈ-ਮੁਖ ਅਤੇ ਵਿਅਕਤੀਗਤ-ਮੁਖ ਵਿਚ ਕੀ ਫ਼ਰਕ ਹੈ! ਜਦੋਂ 1960 ਤੋਂ ਬਾਅਦ ਪ੍ਰਯੋਗਵਾਦੀਆਂ ਨੇ ਵਿਅਕਤੀਗਤ ਕਾਵਿ-ਉਚਾਰਾਂ ਦੀ ਪ੍ਰੋੜ੍ਹਤਾ ਵਿਚ, ਵਿਅਕਤੀਗਤ ਵਿਚਾਰਧਾਰਾ ਨੂੰ ਪ੍ਰਚਾਰਿਆ ਤਾਂ ਇਸਦੇ ਵਿਚਾਰਧਾਰਕ ਕਾਰਣ ਬੜੇ ਸੁਚੇਤ ਸਨ। ਇਨ੍ਹਾਂ ਯਤਨਾਂ ਨੂੰ 1990 ਤੋਂ ਬਾਅਦ ਦੀ ਕਵਿਤਾ ’ਤੇ ਨਹੀਂ ਢੁਕਾਇਆ ਜਾਣਾ ਚਾਹੀਂਦਾ। ਸਵੈ (self) ਦੀ ਨਵੀਂ ਕਵਿਤਾ ਨੂੰ ਸਮਝਣ ਲਈ ਅਸੀਂ ‘ਸੈਲਫ਼’ ਨੂੰ ਵਿਅਕਤੀ-ਵਿਸ਼ੇਸ਼ ਸਮਝ ਲਿਆ। 1990 ਤੋਂ ਬਾਅਦ ਜਦੋਂ ਸੁਰਜੀਤ ਪਾਤਰ ਦੀ ਕਵਿਤਾ ’ਚ ਇਕ ਮਹੱਤਵਪੂਰਨ ਪੈਰਾਡਾਈਮ ਸ਼ਿਫਟ ਵਾਪਰਦੀ ਹੈ ਜਿਸ ਵਿਚ ਮਾਨਵੀ ਰਿਸ਼ਤਿਆਂ ਦਾ ਸੈਲਫ਼, ਡੂੰਘੀਆਂ ਅਵਚੇਤਨੀ ਮਨੋਵਿਗਿਆਨਕ ਪਰਤਾਂ ਨਾਲ ਸਬੰਧਿਤ ਹੁੰਦਾ ਹੈ ਤਾਂ ਕਈ ਅਕਾਦਮਿਕ ਖੇਤਰ ਦੇ ਆਲੋਚਕ ਇਸ ਕਵਿਤਾ ਨੂੰ ਸਮਾਜ ਤੋਂ ਵਿਮੁੱਖ ਸਮਝਣ ਲੱਗੇ। ਜਸਵੰਤ ਦੀਦ ਦੀ ਕਵਿਤਾ ਅਤੇ ਸਵਰਨਜੀਤ ਸਵੀ ਦੀ ਕਵਿਤਾ ਨਾਲ ਵੀ ਇਹੀ ਵਾਪਰਿਆ। ਮੈਂ ਸੰਖੇਪ ਜਿਹੇ ਸੰਕੇਤ ਇੱਥੇ ਇਸ ਲਈ ਕੀਤੇ ਹਨ ਕਿ ਪੰਜਾਬੀ ਕਾਵਿ-ਆਲੋਚਨਾ ਕਵਿਤਾ ਪੜ੍ਹਤ ਨੂੰ, ਪੰਜਾਬੀ ਸਮਾਜ ਵਿਚ ਬਦਲੇ ਸਮੀਕਰਣਾਂ ਨੂੰ ਸਮਝਣ ਤੋਂ ਬਿਨਾਂ, ਕਾਵਿ-ਧਾਰਾਵਾਂ ਦੀ ਪੜ੍ਹਤ ਨੂੰ ਹੀ ਨੱਬੇ ਦੀ ਕਵਿਤਾ ’ਤੇ ਲਾਗੂ ਕਰਦੀ ਰਹੀ। ਅਸੀਂ ਇਹ ਵੀ ਨਹੀਂ ਵਿਚਾਰਿਆ ਕਿ ਸਾਹਿਤ ਦੀ ਵਿਚਾਰਧਾਰਕ ਪ੍ਰਤਿਬੱਧਤਾ ਅਸਲ ’ਚ ਹੁੰਦੀ ਕੀ ਹੈ? ਇਸੇ ਲਈ ਮੈਂ ਵਾਰ-ਵਾਰ ਇਹ ਕਿਹਾ ਹੈ ਕਿ ਸਾਹਿਤਕ-ਕਿਰਤਾਂ ਦੀ ਭਾਸ਼ਾ ਬਦਲਦੇ ਇਤਿਹਾਸਕ ਪ੍ਰਸੰਗਾਂ ’ਚੋਂ ਆਪਣਾ

'ਰੂਪ' ਸਿਰਜਦੀ ਹੈ? ਇਸੇ 'ਰੂਪ' ਨੇ ਹੀ ਨਵੀਂ ਪੰਜਾਬੀ ਕਵਿਤਾ ਵਿਚ ਵਿਲੱਖਣ ਭਾਸ਼ਾਈ ਪ੍ਰਗਟਾ ਰਾਹੀਂ ਹਲਚਲ ਪੈਦਾ ਕੀਤੀ ਸੀ ਜਿਸਨੂੰ ਸੈਲਫ਼ ਅਤੇ ਸਮੂਹ ਦੀਆਂ ਮੋਟੀਆਂ-ਠੁੱਲੀਆਂ ਸ਼੍ਰੇਣੀਆਂ 'ਚ ਵੰਡ ਕੇ ਨਹੀਂ ਸਮਝਿਆ ਜਾ ਸਕਦਾ। ਮੈਂ ਇਸ ਲੇਖ ਵਿਚ ਪਹਿਲਾਂ ਹੀ ਇਹ ਲਿਖ ਚੁੱਕਿਆਂ ਹਾਂ ਕਿ ਪਾਠਕਾਂ ਦੇ ਵਰਗ-ਵਿਸ਼ੇਸ਼ ਦੀਆਂ ਕੋਟੀਆਂ (ਕੈਟੇਗਰੀਜ) ਕੀ ਹੁੰਦੀਆਂ ਨੇ ਅਤੇ ਇਨ੍ਹਾਂ ਦੀ ਕਾਵਿ-ਪੜ੍ਹਤ ਕਿਹੜੇ ਬਿੰਦੂਆਂ 'ਤੇ ਆਸ਼ਰਿਤ ਹੁੰਦੀ ਹੈ ਅਤੇ ਆਧਾਰਿਤ ਹੁੰਦੀ ਹੈ। ਮੈਂ ਇਹ ਵੀ ਦੁਹਰਾਉਣਾ ਚਾਹੁੰਦਾ ਹਾਂ ਕਿ ਕਵਿਤਾ ਦੀ ਪੜ੍ਹਤ ਦਾ ਵੱਡਾ ਦਾਇਰਾ ਜਾਂ ਛੋਟਾ ਦਾਇਰਾ (ਪਾਠਕਾਂ ਦੀ ਗਿਣਤੀ ਦੇ ਹਿਸਾਬ ਨਾਲ) ਕਿਸੇ ਕਵੀ ਜਾਂ ਕਵਿਤਾ ਦੀ ਗੁਣਵੱਤਾ ਦਾ ਮੀਟਰ ਨਹੀਂ ਹੁੰਦਾ। ਹਰ ਯੁੱਗ ਵਿਚ ਜਦੋਂ ਕੋਈ ਪਾਠਕ ਆਪਣੀ ਸਾਧਾਰਨ ਭਾਸ਼ਾਈ-ਯੋਗਤਾ ਨਾਲ ਕਵਿਤਾ-ਪਾਠ ਕਰੇਗਾ ਤਾਂ ਉਹ ਲੋਕਧਾਰਾਈ ਪੈਟਰਨਾਂ 'ਤੇ ਉਸਰੀ ਪ੍ਰਗੀਤਕ ਕਵਿਤਾ ਦੇ 'ਰੂਪ' ਤੋਂ ਵਧੇਰੇ ਪ੍ਰਭਾਵਿਤ ਰਹੇਗਾ। ਥੀਮੈਟਿਕਸ ਵੀ ਉਹੀ ਪਸੰਦ ਕਰੇਗਾ ਕਿ ਜਿਨ੍ਹਾਂ ਵਿਚ ਰੋਮਾਂਸ ਦੀ ਚਾਨਣੀ ਹੋਵੇ। ਪੰਜਾਬੀ ਕਾਵਿ-ਪਰੰਪਰਾ ਵਿਚ ਥੀਮ ਦੇ ਪੱਖ ਤੋਂ ਬਿਰਹਾ, ਤਣਾਅ, ਮੌਤ ਦੀ ਚਾਹਤ ਦਾ ਰੋਮਾਂਸ, ਪ੍ਰਗਤੀ+ਰੋਮਾਂਸ ਦਾ ਤਣਾਅ, ਕਾਮੁਕਤਾ ਦਾ ਸਰਲ ਤਣਾਅ ਨੂੰ ਵਧੇਰੇ ਪੜ੍ਹਿਆ ਗਿਆ। ਨਵੀਂ ਪੰਜਾਬੀ ਕਵਿਤਾ ਵਿਚ ਬਹੁਤ ਹੀ ਮਹੱਤਵਪੂਰਨ ਕਵੀਆਂ ਨੂੰ ਉਵੇਂ ਨਹੀਂ ਪੜ੍ਹਿਆ ਗਿਆ ਜਿਵੇਂ ਉਪਰੋਕਤ ਥੀਮੈਟਿਕਸ ਦੀ ਕਵਿਤਾ ਨੂੰ ਪੜ੍ਹਿਆ ਗਿਆ। ਇਸ ਪੱਖ ਤੋਂ ਹਰ ਸਭਿਆਚਾਰ ਵਿਚ ਪਾਠਕਾਂ ਦਾ ਸਾਧਾਰਨ ਭਾਸ਼ਾਈ-ਯੋਗਤਾ ਵਾਲਾ ਦਾਇਰਾ ਵਧੇਰੇ ਹੀ ਰਹਿੰਦਾ ਹੈ... ਅਜੇ ਤੱਕ ਦਾ ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਇਵੇਂ ਦਾ ਹੀ ਰਿਹਾ ਹੈ। ਪਰ ਅਸੀਂ ਜਦੋਂ ਤੱਕ, ਪੰਜਾਬੀ ਅਕਾਦਮਿਕ ਅਤੇ ਸਾਹਿਤ-ਚਿੰਤਨ ਦੇ ਜਗਤ ਵਿਚ ਵਿਸ਼ੇਸ਼ ਸੁਜੱਗ-ਪਾਠਕ ਦੀ ਲੋੜ ਮਹਿਸੂਸ ਨਹੀਂ ਕਰਦੇ ਉਦੋਂ ਤੱਕ, ਪੰਜਾਬੀ ਕਵਿਤਾ ਦੀ ਪੜ੍ਹਤ ਨਾਲ ਸਬੰਧਿਤ ਕੋਈ ਸੰਤੁਲਿਤ ਕਾਵਿ-ਸ਼ਾਸਤਰ ਨਹੀਂ ਬਣੇਗਾ ਅਤੇ ਮਿੱਥਾਂ-ਦਰ-ਮਿੱਥਾਂ ਦੀ ਸਿਰਜਣਾ ਹੁੰਦੀ ਰਹੇਗੀ। ਹੁਣ ਵਕਤ ਆ ਗਿਆ ਹੈ ਕਿ ਅਸੀਂ ਆਪਣੇ ਵਰਤਮਾਨ ਸਾਹਿਤ-ਸਿਰਜਣ ਦੀ ਗੰਭੀਰ ਪੜ੍ਹਤ ਦੇ ਮਸਲਿਆਂ ਨਾਲ ਜੁੜੀਏ ਨਹੀਂ ਤਾਂ ਇਹੀ ਕਹਿੰਦੇ ਰਹਾਂਗੇ ਕਿ ਸਮਕਾਲੀ ਕਵਿਤਾ ਸਮੂਹ ਤੋਂ ਟੁੱਟ ਰਹੀ ਹੈ। ਇਹ ਇਕ ਮੋਟਾ-ਠੁੱਲਾ ਨਿਰਣਾ ਹੈ ਜਿਸਦਾ ਕਵਿਤਾ ਦੀ ਗੰਭੀਰ ਪੜ੍ਹਤ ਨਾਲ ਕੋਈ ਸਬੰਧ ਨਹੀਂ। ਇਹੀ ਕਾਰਨ ਹੈ ਕਿ ਅਸੀਂ ਅਜੇ ਅਮਰਜੀਤ ਚੰਦਨ, ਦੇਵ ਅਤੇ ਅਜਮੇਰ ਰੋਡੇ ਵਰਗੇ ਅਹਿਮ ਕਵੀਆਂ ਕਵਿਤਾ ਦਾ ਸਹੀ ਮੁਲਾਂਕਣ ਨਹੀਂ ਕੀਤਾ। ਕਵਿਤਾ ਦੀ ਪੜ੍ਹਤ ਲਈ ਇਕ ਸੁਜੱਗ-ਪਾਠਕ ਕੈਸਾ ਹੋਵੇ, ਕਵਿਤਾ ਨੂੰ ਕਿਵੇਂ ਵਿਚਾਰੀਏ ਬਾਰੇ ਕੁਝ ਸੰਖੇਪ-ਸੂਤਰ ਦੇਣਾ ਚਾਹੁੰਦਾ ਹਾਂ। ਜਿਹੜੇ ਕੋਈ ਅੰਤਿਮ ਨਹੀਂ, ਕਿਵੇਂ ਦੀ ਹੋਵੇ, ਆਧੁਨਿਕ ਪੰਜਾਬੀ ਕਵਿਤਾ ਦੀ ਪੜ੍ਹਤ? ਕੁਝ ਬਿੰਦੂ ਇਹ ਹੋ ਸਕਦੇ ਹਨ:

(ੳ) ਕਵਿਤਾ ਦੀ ਪੜ੍ਹਤ ਦਾ ਸਭ ਤੋਂ ਬੁਨਿਆਦੀ ਆਧਾਰ ਇਸਦੀ ਕਾਵਿ-ਭਾਸ਼ਾ ਹੈ। ਕਾਵਿ-ਭਾਸ਼ਾ ਨੇ, ਕਵੀ ਦੇ ਵਿਚਾਰ ਦੇ ਚਿਹਨਾਰਥਾਂ (signifiers) ਨੂੰ ਸਿਰਜਣਾ ਹੈ। ਚਿਹਨਾਰਥ (signifier) ਦਾ ਸਿੱਧਾ ਅਰਥ ਇੱਥੇ ਇਹ ਹੈ ਕਿ ਕਵੀ ਨੇ ਆਪਣੇ ਕਾਵਿ-ਬਿੰਬਾਂ ਨੂੰ ਜਿਨ੍ਹਾਂ ਸ਼ਬਦਾਂ ਵਿਚ ਸਿਰਜਿਆ ਹੁੰਦਾ ਹੈ, ਉਨ੍ਹਾਂ 'ਚੋਂ ਬਹੁਤੇ ਚਿਹਨ ਹੁੰਦੇ ਜਿਨ੍ਹਾਂ ਰਾਹੀਂ ਕੋਈ ਕਾਵਿ-ਬਿੰਬ ਅਰਥਾਂ ਤੱਕ ਪਹੁੰਚਦਾ ਹੈ। ਕਿਉਂਕਿ ਕਵਿਤਾ ਦੀ ਸਿਰਜਣਾ ਆਪਣੇ ਭਾਸ਼ਾਈ ਰੂਪ; ਵਿਸ਼ੇਸ਼ ਭਾਸ਼ਾਈ ਰੂਪ ਵਿਚ ਹੀ ਹੋਣੀ ਹੁੰਦੀ ਹੈ- ਇਸ ਲਈ ਸੁਜੱਗ ਪਾਠਕ ਤਾਂ ਕੀ ਸਾਧਾਰਨ ਪਾਠਕ ਦਾ ਪਹਿਲਾ ਸਬੰਧ ਕਵਿਤਾ ਦੀ ਭਾਸ਼ਾ ਨਾਲ ਹੀ ਜੁੜਦਾ ਹੈ। ਇਹ ਨਿਯਮ ਜਾਂ ਕਰਮ ਪਾਠਕ ਅਤੇ ਸਰੋਤੇ ਦੋਹਾਂ ਲਈ ਹੈ। ਟੈਰੀ ਈਗਲਟਨ ਆਪਣੀ ਕਿਤਾਬ 'ਕਵਿਤਾ ਨੂੰ ਕਿਵੇਂ ਪੜ੍ਹੀਏ' (How to Read a Poem) ਵਿਚ ਸਪਸ਼ਟ ਕਹਿੰਦਾ ਹੈ ਕਿ ਕਵਿਤਾ ਦਾ ਭਾਸ਼ਾਈ ਚਰਿੱਤਰ ਹੀ ਪਹਿਲਾਂ ਧਿਆਨ ਖਿੱਚਦਾ ਹੈ। ਇਸਦੇ ਅਰਥ ਲੁਕਵੇਂ ਭਾਸ਼ਾਈ ਚਿਹਨਾਂ ਵਿਚ ਹੁੰਦੇ ਹਨ। ਈਗਲਟਨ ਕਵਿਤਾ ਦੇ ਅਰਥਾਂ ਬਾਰੇ ਵੀ ਇਹ ਕਹਿੰਦਾ ਹੈ ਕਿ ਪਾਠਕ ਕਾਵਿ-ਚਿਹਨਾਂ ਦੇ ਅਰਥ (as the semiotic jargon has it) ਕਰਦੇ ਹੋਏ ਫਾਈਨਲ ਫੈਸਲੇ ਲਈ ਪਹਿਲਾਂ ਚਿਹਨ ਦੇ ਚਿਹਨਾਰਥ (signifier) ਤੱਕ ਪਹੁੰਚਦਾ ਹੈ -ਫਿਰ ਆਪਣੇ ਅਰਥਾਂ ਨੂੰ ਸਥਿਤ (signified) ਕਰਨ ਦੇ ਯਤਨ ਕਰਦਾ ਹੈ। ਭਾਵ ਇਹ ਹੈ ਕਿ ਕੋਈ ਪਾਠਕ ਕਿਸੇ ਕਾਵਿ-ਪਾਠ ਦੇ ਅਰਥਾਂ ਤੱਕ ਪਹੁੰਚਣ ਤੋਂ ਪਹਿਲਾਂ ਕਾਵਿ-ਭਾਸ਼ਾ ਦੇ ਸ਼ਬਦ ਚਿਹਨਾਂ ਦੇ ਸੰਭਾਵੀ ਅਰਥਾਂ ਨਾਲ ਜੁੜਦਾ ਹੈ। (Poetic Language, How to Read a Poem, page: 41-42, Terry Eagleton, 2007) ਕਾਵਿ-ਭਾਸ਼ਾ ਅਗਾਂਹ ਕਿਨ੍ਹਾਂ ਸੁਹਜਾਤਮਕ ਆਧਾਰਾਂ 'ਤੇ ਆਪਣੀ ਕਾਵਿਕ-ਇਮਾਰਤ ਸਿਰਜਦੀ ਹੈ ਦਾ ਸਬੰਧ ਕਵੀ ਦੀ ਪ੍ਰਤਿਭਾ ਅਤੇ ਵਿਚਾਰ (thought) ਨਾਲ ਹੈ ਜਿਸ 'ਤੇ ਇਤਿਹਾਸਕ ਵਸਤਵਿਕਤਾ ਅਸਰ ਕਰਦੀ ਰਹਿੰਦੀ ਹੈ। ਪਾਠਕ ਨੇ ਕਾਵਿ/ਕਵਿਤਾ ਦੇ ਅਰਥਾਂ ਦਾ ਅੰਤਿਮ ਨਿਰਣਾ ਕਿਵੇਂ ਕਰਨਾ ਹੈ- ਥੋੜ੍ਹਾ ਟੇਢਾ ਮਸਲਾ ਹੈ, ਇੱਥੇ ਹੀ ਤਾਂ ਕਵਿਤਾ ਨੂੰ ਸਮਝਣ ਦੇ ਸਿਧਾਂਤਕ ਸਕੂਲ ਜਨਮਦੇ ਹਨ। ਦੈਰਿਦਾ ਆਪਣੀ ਵਿਗਠਨ (Deconstruciton) ਸਿਧਾਂਤਕੀ 'ਚ ਅਰਥਾਂ ਦੇ ਅੰਤਿਮ ਰੂਪ ਤੋਂ ਲਗਭਗ ਇਨਕਾਰੀ ਹੀ ਹੈ ਕਿਉਂਕਿ ਉਸ ਅਨੁਸਾਰ ਚਿਹਨਾਰਥ ਆਪਣੇ ਮੂਲ-ਭਾਸ਼ਾਈ


**www.sanvad.org**
ISSN : 2395-1273

ਸੁਭਾਅ ਅਨੁਕੂਲ ਅਰਥਾਂ ਦੀ ਪ੍ਰਕਿਰਿਆ 'ਚ ਰਹਿੰਦੇ ਹਨ ਅਤੇ ਅਰਥ ਮੁਲਤਵੀ (Differance) ਹੁੰਦੇ ਰਹਿੰਦੇ ਹਨ...ਸਾਹਿਤਕ-ਸੰਰਚਨਾ ਅਰਥਾਂ ਦੀ ਖੇਡ ਬਣੀ ਰਹਿੰਦੀ ਹੈ। ਪਰ ਮੈਂ ਦੈਰਿਦਾ ਦੀ ਇਸ ਡਿਫ਼ਰਾਂਸ ਸਿਧਾਂਤਕੀ ਨੂੰ ਇਵੇਂ ਸਮਝਦਾ ਹਾਂ ਕਿ ਪਾਠਕ (ਸੁਜੱਗ ਪਾਠਕ) ਸ਼ਬਦ-ਚਿਹਨਾਂ ਦੇ ਅਰਥਾਂ ਤੱਕ ਪਹੁੰਚਣ ਲਈ ਇਸ ਦੀਆਂ ਅਰਥ ਸੰਭਾਵਨਾਵਾਂ ਦੀ ਤਲਾਸ਼ ਬਾਰੇ ਸੁਚੇਤ ਹੁੰਦਾ ਹੈ- ਕੋਈ ਅੰਤਿਮ ਨਿਰਣਾ ਕਰਨ ਤੋਂ ਪਹਿਲਾਂ।

(ਅ) ਉਪਰੋਕਤ ਪਹਿਲੇ ਬਿੰਦੂ ਦੇ ਵਿਚਾਰ ਨੂੰ ਅਗਾਂਹ ਵਧਾਉਂਦਿਆਂ ਸਪਸ਼ਟ ਕਰ ਲੈਣਾ ਚਾਹੁੰਦਾ ਹਾਂ ਕਿ ਸੁਜੱਗ ਪਾਠਕ ਦਾ ਕਵਿਤਾ ਜਾਂ ਕਾਵਿ-ਪਰੰਪਰਾ ਨੂੰ ਸਮਝਣ ਦਾ ਆਧਾਰ ਕੀ ਹੁੰਦਾ ਹੈ? ਫ਼ਿਲਹਾਲ ਮੈਂ ਕੀ ਹੋਣਾ ਚਾਹੀਦਾ ਹੈ, ਦੀ ਬਜਾਏ ਇਹ ਕਹਿ ਰਿਹਾ ਹਾਂ ਕਿ ਕਾਵਿ-ਪੜ੍ਹਤ ਦੀ ਪ੍ਰਕਿਰਿਆ 'ਚ ਪਾਠਕ ਨਾਲ ਕੀ ਵਾਪਰਦਾ ਹੈ ਜਦੋਂ ਉਹ ਕਿਸੇ ਕਾਵਿ-ਪਾਠ ਨਾਲ ਆਪਣਾ ਸਬੰਧ ਬਣਾਉਂਦਾ ਹੈ, ਪਹਿਲੀ ਚਰਚਾ 'ਚ ਸਪਸ਼ਟ ਕੀਤਾ ਹੈ ਕਿ ਪਾਠਕ ਦਾ ਸਬੰਧ ਕਾਵਿ-ਪਾਠ ਦੇ ਭਾਸ਼ਾਈ ਚਿਹਨਾਂ ਦੇ ਮੈਜ਼ਿਕ ਨਾਲ ਜੁੜਦਾ ਹੈ। ਇਹ ਮੈਜ਼ਿਕ ਗਿਆਨ-ਸੰਵੇਦਨਾਵਾਂ ਰਾਹੀਂ ਸੰਕਲਪਾਂ ਦੇ ਜਗਤ 'ਚ ਪ੍ਰਵੇਸ਼ ਕਰਦਾ ਹੈ। ਤੁਸੀਂ ਦੇਖੋ ਕਿ ਕਵੀ ਸੰਕਲਪਾਂ ਨੂੰ ਤੋੜਕੇ, ਢਾਲਕੇ, ਪਰਿਵਰਤਿਤ ਕਰਕੇ, ਇਕ ਕਾਵਿ-ਸੁਹਜ-ਸੰਰਚਨਾ ਨਾਲ ਜੁੜਦਾ ਹੈ। ਪਰ ਸੁਜੱਗ ਪਾਠਕ ਕੇਵਲ ਰਸਿਕਤਾ (ਕਾਵਿ-ਸੁਹਜ-ਸੰਵੇਦਨਾ ਦਾ ਰਸਿਕ ਪ੍ਰਭਾਵ) ਦੇ ਖੇਤਰ ਦਾ ਪ੍ਰਾਣੀ ਨਹੀਂ... ਉਸਨੇ ਕਾਵਿ-ਚਿਹਨਾਂ ਦੇ ਚਿਹਨਾਰਥਾਂ ਤੱਕ ਪਹੁੰਚਣਾ ਹੈ। ਇਸ ਪ੍ਰਕਿਰਿਆ ਲਈ ਇਹ ਪਾਠਕ ਫਿਰ ਕਾਵਿ-ਚਿਹਨਾਂ ਦੀ ਸੰਰਚਨਾ (ਜੋ ਕਵਿਤਾ ਦੀ ਸਿਰਜਣਾ ਦਾ ਆਧਾਰ ਹਨ) ਦੀ ਵਿਚਾਰਾਂ 'ਚ ਸੰਕਲਪਨਾ ਕਰਦਾ ਹੈ। ਇਹ ਸੰਕਲਪਨਾ ਸਿਰਜਕ (ਕਵੀ) ਦੀ ਸੰਕਲਪਨਾ ਨਾਲ ਮੇਲ ਖਾਂਦੀ ਹੈ ਜਾਂ ਨਹੀਂ, ਬਹੁਤ ਹੀ ਬੁਨਿਆਦੀ ਸਵਾਲ ਹੈ। ਜੇਕਰ ਕਾਵਿ-ਪਾਠ ਦੀ ਸਿਰਜਣਾਤਮਿਕਤਾ ਕਿਸੇ ਹਿਸਾਬ ਦੇ ਫਾਰਮੂਲਿਆਂ 'ਤੇ ਆਧਾਰਿਤ ਹੁੰਦੀ ਫਿਰ ਤਾਂ ਮਸਲਾ ਬਹੁਤ ਸੌਖਾ ਹੋਣਾ ਸੀ। ਪਰ ਕਿਉਂਕਿ ਸਿਰਜਕ ਕਵੀ ਨੇ ਤਾਂ ਮਾਨਵੀ ਸੰਵੇਦਨਾ ਦੇ ਸੁਹਜ-ਸੰਸਾਰ 'ਚੋਂ ਆਪਣੇ ਲਈ ਕਵਿਤਾ ਦਾ ਰੂਪ ਸਿਰਜਿਆ+ਘੜਿਆ ਹੁੰਦਾ ਹੈ। ਸੋ ਸੁਜੱਗ ਪਾਠਕ ਦੀ ਸੰਕਲਪਨਾ ਉਸਦੀ ਆਪਣੀ ਹੁੰਦੀ ਹੈ- ਆਪਣੀ ਘਾਲਣਾ, ਆਪਣੀ ਕਮਾਈ, ਸੋ ਕਾਵਿ-ਪਾਠ ਨੂੰ ਜਾਂ ਕਾਵਿ-ਪਾਠ ਦੀ ਸੁਹਜ-ਸੰਰਚਨਾ ਦੇ ਅਰਥਾਂ ਨੂੰ ਸਮਝਣ ਲਈ, ਸੁਜੱਗ ਪਾਠਕ ਦਾ ਸਭ ਤੋਂ ਪਹਿਲਾਂ ਗਿਆਨਵਾਨ ਹੋਣਾ ਜ਼ਰੂਰੀ ਹੈ। ਮਸਲਨ ਕੋਈ ਕਵੀ ਕਿਸੇ ਇਤਿਹਾਸਕ ਬਿਰਤਾਂਤ ਜਾਂ ਮਿੱਥ-ਕਥਾ ਨੂੰ ਆਧਾਰ ਬਣਾ ਕੇ ਕਵਿਤਾ ਸਿਰਜ ਰਿਹਾ ਹੋਵੇ ਅਤੇ ਆਪਣੇ ਸਮਕਾਲ 'ਚ ਉਸਦੇ ਅਰਥ ਸਿਰਜ ਰਿਹਾ ਹੋਵੇ ਤਾਂ ਪਾਠਕ ਲਈ ਉਸ ਬਿਰਤਾਂਤ ਜਾਂ ਮਿੱਥ-ਬਿਰਤਾਂਤ ਦੀ ਜਾਣਕਾਰੀ ਹੋਣੀ ਲਾਜ਼ਮ ਹੈ ਨਹੀਂ ਤਾਂ ਉਹ ਸਾਧਾਰਨ ਪਾਠਕ ਵਾਂਗ ਕਵਿਤਾ ਪਾਠਕ ਦੀ ਰਸਿਕਤਾ ਤੱਕ ਹੀ ਸੀਮਿਤ ਰਹੇਗਾ। ਸੁਜੱਗ-ਪਾਠਕ ਇਹ ਨਹੀਂ ਕਰ ਸਕਦਾ। ਹੋਰ ਸਪਸ਼ਟਤਾ ਲਈ ਤੁਸੀਂ ਸ਼ਿਵ ਕੁਮਾਰ ਦੀ "ਲੂਣਾ" ਦੇ ਕਾਵਿ-ਪਾਠ ਨੂੰ ਉਦਾਹਰਣ ਵਜੋਂ ਦੇਖ ਸਕਦੇ ਹੋ। 'ਲੂਣਾ' ਦੇ ਕਾਵਿ-ਪਾਠ ਦੀਆਂ ਕਿੰਨੀਆਂ ਵਿਭਿੰਨ 'ਪੜ੍ਹਤਾਂ' ਬਣਾ ਲਵੋ (ਆਪਣੇ ਆਪਣੇ ਅਧਿਐਨ ਮਾਡਲਾਂ ਨਾਲ) ਪਹਿਲੀ ਸ਼ਰਤ ਤਾਂ ਕਾਦਰਯਾਰ ਦੀ ਕਥਾ-ਕਹਾਣੀ ਦੇ ਬਿਰਤਾਂਤ ਦਾ ਗਿਆਨ ਹੋਣਾ ਜ਼ਰੂਰੀ ਹੈ। ਸੋ ਪਾਠਕ ਦੀ ਚਿੰਤਨ-ਚੇਤਨਾ ਵਿਚ ਸਭ ਤੋਂ ਬੁਨਿਆਦੀ ਉਹ ਗਿਆਨ ਹੈ ਜਿਸ ਰਾਹੀਂ ਪਾਠਕ ਨੇ ਕਾਵਿ-ਪਾਠ ਨੂੰ ਸਮਝਣਾ ਹੈ। ਇਹੀ ਸੂਤਰ ਕਾਵਿ-ਪਾਠ ਦੀ ਬਾਹਰੀ-ਸੰਰਚਨਾ ਬਾਰੇ ਗਿਆਨ ਹੋਣ 'ਤੇ ਲਾਗੂ ਹੁੰਦੀ ਹੈ। ਮਸਲਨ ਕਾਵਿ-ਪਾਠ ਦੀ ਬਾਹਰੀ ਸੰਰਚਨਾ ਕੀ ਹੈ? ਬਾਰੇ ਸਿਧਾਂਤਕ ਗਿਆਨ ਵੀ ਜ਼ਰੂਰੀ ਹੈ....ਭਾਵੇਂ ਕਿ ਇਹ ਉਸ ਹਾਲਾਤ 'ਚ ਹੀ ਜ਼ਰੂਰੀ ਹੈ ਜਦੋਂ ਪਾਠਕ ਇਕ ਅਧਿਐਨਵੇਤਾ ਦੀ ਭੂਮਿਕਾ 'ਚ ਹੋਵੇ ਅਤੇ ਕਾਵਿ-ਪਾਠ ਦੀ ਬਾਹਰੀ-ਸੰਰਚਨਾ ਨੂੰ ਸਮਝਣਾ ਚਾਹੁੰਦਾ ਹੋਵੇ ਅਤੇ ਸਮਝਾਉਣਾ ਚਾਹੁੰਦਾ ਹੋਵੇ, ਇਕ ਅਧਿਐਨਵੇਤਾ ਦੀ ਭੂਮਿਕਾ 'ਚ ਇਹ ਗਿਆਨ, ਅਧਿਐਨ ਅਤੇ ਅਧਿਆਪਨ ਲਈ ਬਹੁਤ ਜਰੂਰੀ ਹੈ। ਸੁਜੱਗ ਪਾਠਕ ਹੀ ਕਵਿਤਾ ਦਾ ਚੰਗਾ ਅਧਿਆਪਕ ਹੋ ਸਕਦਾ ਹੈ। ਇਸ ਬਿੰਦੂ 'ਤੇ ਆ ਕੇ ਸੁਜੱਗ ਪਾਠਕ ਅਤੇ ਕਵਿਤਾ ਦੇ ਅਧਿਆਪਕ ਵਿਚਲਾ ਅੰਤਰ ਮਿਟ ਜਾਂਦਾ ਹੈ। ਸੋ ਸੁਜੱਗ ਪਾਠਕ ਦਾ ਗਿਆਨਵਾਨ ਹੋਣਾ ਲਾਜ਼ਮੀ ਸ਼ਰਤ ਹੈ ਤਾਂ ਹੀ ਉਹ ਕਵਿਤਾ ਦੇ ਚਿਹਨਕਾਂ ਨੂੰ ਸਮਝ ਸਕੇਗਾ।

(ੲ) ਸਾਨੂੰ ਕਵਿਤਾ ਦੀ ਪੜ੍ਹਤ ਨਾਲ ਸਬੰਧਿਤ ਸਾਧਾਰਨ ਪਾਠਕ ਅਤੇ ਸੁਜੱਗ ਪਾਠਕ ਦੇ ਅੰਤਰ ਨੂੰ ਵੀ ਹੋਰ ਸਪਸ਼ਟਤਾ ਨਾਲ ਸਮਝਣ ਦੀ ਜ਼ਰੂਰਤ ਹੈ। ਸਾਧਾਰਨ ਪਾਠਕ, ਕਵਿਤਾ-ਪਾਠ ਨੂੰ ਰਸਿਕਤਾ ਦੀ ਦ੍ਰਿਸ਼ਟੀ ਤੋਂ ਪੜ੍ਹਦਾ ਹੈ; ਸ਼ਬਦ-ਚਿਹਨਾਂ ਦਾ ਚਮਤਕਾਰੀ ਰੂਪ ਉਸ ਲਈ, ਆਨੰਦ ਦੇਣ ਵਾਲੀ ਵਸਤੂ ਹੈ। ਕੋਈ ਸੰਦੇਹ ਨਹੀਂ- ਇਹ ਸਾਧਾਰਨ ਪਾਠਕ ਹੀ ਬਹੁਤੀ ਵੇਰ, ਕਵਿਤਾ ਨੂੰ ਲੋਕਾਂ ਵਿਚ ਹਰਮਨ-ਪਿਆਰੀ ਬਣਾਉਣ 'ਚ

ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਹੀਰ ਵਾਰਿਸ ਦਾ ਸਾਧਾਰਨ ਪਾਠਕ, ਵਾਰਿਸ ਦੀ ਹੀਰ ਦੇ ਲੋਕਧਾਰਾਈ ਰੂਪ ਦੀ ਰਸਿਕਤਾ ਨੂੰ ਗ੍ਰਹਿਣ ਕਰਦਾ ਹੈ; ਲੋਕਧਾਰਾਈ ਸਭਿਆਚਾਰ ’ਚ ਜੋ ਵੀ ਪ੍ਰਚਲਿਤ ਹੈ, ਨੂੰ ਆਪਣੇ ਅਵਚੇਤਨ ਦੀ ਯੋਗਤਾ ਰਾਹੀਂ ਗ੍ਰਹਿਣ ਵੀ ਕਰਦਾ ਹੈ। ਲੋਕ-ਸਭਿਆਚਾਰ ’ਚ ਪ੍ਰਚਲਿਤ ਰਿਸ਼ਤਿਆਂ ਦੀਆਂ ਦੰਦ-ਕਥਾਵਾਂ ਅਤੇ ਵਾਪਰ ਰਹੇ ਸੱਚ ਨੇ ਮਿਲਕੇ ਲੋਕ-ਅਵਚੇਤਨ ਸਿਰਜਿਆ ਹੁੰਦਾ ਹੈ। ਜਿਸ ਰਾਹੀਂ ਲੋਕ ਕਾਵਿ-ਪਾਠ ਨੂੰ ਗ੍ਰਹਿਣ ਕਰਦੇ ਹਨ। ਇਨ੍ਹਾਂ ਲੋਕਾਂ ਦੇ ਕਈ ਦਾਇਰੇ ਬਣ ਜਾਂਦੇ ਹਨ- ਲਿੰਗ, ਉਮਰ, ਵਿਸ਼ਵਾਸ ਅਤੇ ਜਾਤ-ਗੋਤ ਦੇ। ਪੰਜਾਬੀ ਦੀ ਬਹੁਤੀ ਲੋਕਧਾਰਾਈ ਕਵਿਤਾ ਦਾ ਪਾਠਕ-ਜਗਤ ਇਹੀ ਹੈ। ਮੱਧਕਾਲੀ ਗੁਰਮਤਿ ਕਾਵਿ-ਪਰੰਪਰਾ, ਬੌਧਿਕ ਪਰੰਪਰਾ ਦੀ ਸਿਰਜਣਾ ਰਾਹੀਂ ਜਿਸ ਅਧਿਆਤਮਕ ਸਚਿਆਰੇ ਮਾਨਵ ਦੀ ਸਿਰਜਣਾ ਦਾ ਆਦਰਸ਼ ਸਿਰਜਦੀ ਹੈ- ਉਹ ਵੱਖਰਾ ਹੈ, ਨਿਆਰਾ ਹੈ ਅਤੇ ਵਿਲੱਖਣ ਵੀ। ਇਸ ਕਾਵਿ-ਪਰੰਪਰਾ ਦਾ ਪਾਠਕ-ਜਗਤ ਵੀ ਸੁਜੱਗ ਪਾਠਕ ਹੀ ਰਿਹਾ ਹੈ, ਰਹੇਗਾ ਵੀ। ਆਧੁਨਿਕ ਕਾਵਿ-ਪਰੰਪਰਾ ਵਿਚ ਸ਼ਿਵ ਕੁਮਾਰ ਦੀ ਕਵਿਤਾ ਦੇ ਲੋਕਧਾਰਾਈ ਰੂਪ ਦੇ ਬਿਰਹਾ, ਤਣਾਅ, ਦੁੱਖ ਅਤੇ ਮੌਤ ਦੀ ਚਾਹਤ ਦੇ ਥੀਮ ਨੂੰ, ਇਕ ਆਮ ਸਾਧਾਰਨ ਪਾਠਕ ਲੋਕ-ਗੀਤਾਂ ਵਾਂਗ ਮਾਣਦਾ ਹੈ। ਸ਼ਿਵ ਦੀ ਕਵਿਤਾ ਮੂਲ ਰੂਪ ਵਿਚ ਪ੍ਰਗੀਤਕ-ਸੰਰਚਨਾ ਹੈ ਵੀ ਲੋਕਧਾਰਾਈ ਪੈਟਰਨਾਂ ਵਾਲੀ ਜਿਸ ਦੀ ਰਸਿਕਤਾ ਨੇ ਲੋਕਾਂ ਨੂੰ ਕੀਲਿਆ। ਪਰ ਜਦੋਂ ‘ਲੂਣਾ’ ਦੀ ਪੜ੍ਹਤ ਸਾਹਮਣੇ ਆਉਂਦੀ ਹੈ ਤਾਂ ਇਹ ਪਾਠਕ ਵਰਗ ਵੀ ਔਖ ਮਹਿਸੂਸ ਕਰਦਾ ਹੈ। ‘ਮੈਂ ਤੇ ਮੈਂ’ ਦੀ ਰਚਨਾ ਹੋਰ ਵਿਸ਼ੇਸ਼ ਹੋ ਜਾਂਦੀ ਹੈ ਅਤੇ ਸ਼ਿਵ ਕੁਮਾਰ ਦੀ ਇਸ ਕਵਿਤਾ ਦੇ ਪਾਠਕਾਂ ਦਾ ਦਾਇਰਾ ਹੋਰ ਸੁੰਗੜ ਜਾਂਦਾ ਹੈ, ਅਤੇ ਇਸ ਕਵਿਤਾ ਦਾ ਨਵਾਂ ਪਾਠਕ (ਬੌਧਿਕ/ਸੁਜੱਗ ਪਾਠਕ) ਸਾਹਮਣੇ ਆਉਂਦਾ ਹੈ। ਮੈਂ ਵਾਰਿਸ ਅਤੇ ਸ਼ਿਵ ਦੀ ਉਦਾਹਰਣ ਇਸ ਲਈ ਲਈ ਹੈ ਕਿਉਂਕਿ ਦੋਵੇਂ ਕਵੀ ਸੁਜੱਗ ਬੌਧਿਕ-ਪਾਠਕ ਦਾ ਵੀ ਧਿਆਨ ਖਿੱਚਦੇ ਹਨ। ਕੋਈ ਕਾਵਿ-ਰਚਨਾ ਕਿਵੇਂ ਆਪਣੀ ਕਾਵਿ-ਭਾਸ਼ਾਈ-ਪ੍ਰੋੜਤਾ ਰਾਹੀਂ ਸਾਧਾਰਨ ਅਤੇ ਬੌਧਿਕ ਪਾਠਕ ਲਈ ਮਹੱਤਵਪੂਰਨ ਬਣ ਜਾਂਦੀ ਹੈ ਅਮਰਤਾ ਨੂੰ ਪਹੁੰਚ ਜਾਂਦੀ ਹੈ, ਬਾਰੇ ਟੀ.ਐਸ.ਈਲੀਅਟ ਦੇ ਲੇਖ ‘ਕਲਾਸਿਕ ਕੀ ਹੈ?’ (What is Classic) ਪੜ੍ਹ ਸਕਦੇ ਹੋ। ਇਹ ਨਾ ਵੀ ਪੜ੍ਹੋ ਤਾਂ ਵੀ ਅਸੀਂ ਜਾਣਦੇ ਹਾਂ ਕਿ ਦੁਨੀਆਂ ਦੀਆਂ ਕਾਵਿ-ਪਰੰਪਰਾਵਾਂ ਵਿਚ ਬਹੁਤ ਸਾਰੇ ਕਵੀ ਹਨ ਜਿਹੜੇ ਬੌਧਿਕ ਅਤੇ ਆਮ ਪਾਠਕਾਂ ’ਚ ਸ਼ਿੱਦਤ ਨਾਲ ਪੜ੍ਹੇ ਜਾਂਦੇ ਹਨ ਪਰ ਇਕੋ ਵਰਗੀ ਸ਼ਿੱਦਤ ਨਾਲ ਨਹੀਂ। ਪੰਜਾਬੀ ਸੂਫ਼ੀ ਕਾਵਿ-ਪਰੰਪਰਾ ਵੀ ਇਸੇ ਸ਼੍ਰੇਣੀ ਦੀ ਕਾਵਿ-ਪਰੰਪਰਾ ਹੈ। ਪੰਜਾਬੀ ਕਾਵਿ-ਆਲੋਚਨਾ ਵਿਚ ਜਿਹੜੀਆਂ ਬਹੁਤੀਆਂ ਧਾਰਨਾਵਾਂ ਸਥਾਪਿਤ ਹੋਈਆਂ ਹਨ ਉਨ੍ਹਾਂ ਵਿਚ ਵੀ ਬਹੁਤੀਆਂ ਧਾਰਨਾਵਾਂ ਇਸ ਉਪਰੋਕਤ ਅੰਤਰ ਨੂੰ ਨਹੀਂ ਸਮਝਦੀਆਂ ਰਹੀਆਂ। ਕਾਵਿ-ਧਾਰਾਵਾਂ ਦੀ ਪੜ੍ਹਤ ਨੇ ਜੋ ਵਿਚਾਰਧਾਰਕ ਸਮਝ ਪੈਦਾ ਕੀਤੀ ਸੀ- ਉਹ ਵੀ ਪ੍ਰਤਿਬੱਧਤਾ ਅਤੇ ਗੁੱਟਬੰਦਕ ਸੰਕਲਪਾਂ ਨੂੰ ਰਲਗੱਡ ਕਰਦੀ ਰਹੀ ਹੈ ਜਿਸਦੇ ਪਰਿਣਾਮ ਇਹ ਨਿਕਲੇ ਕਿ ਕਈ ਵਿਦਵਾਨਾਂ ਨੇ ਆਪਣੀ ਪਾਰਟੀ ਵਿਚਾਰਧਾਰਾ ਦੇ ਮੈਨੀਫੈਸਟੋ ਨੂੰ ਗੁਟਬੰਦਕ ਦ੍ਰਿਸ਼ਟੀ ਤੋਂ ਮਾਰਕਸਵਾਦੀ ਦ੍ਰਿਸ਼ਟੀ ਹੋਣ ਦਾ ਦਾਅਵਾ ਕੀਤਾ। ਇਸ ਗੁਟਬੰਦਕ ਦਾਅਵੇ ਨੇ ਆਪਣੀ ਧਿਰ ਪ੍ਰਤਿ ਸੱਚਾ ਹੋਣ ਦੀ ਲੋੜ ਵਿਚ ਕੁਝ ਐਸੇ ਕਵੀਆਂ ਨੂੰ ਵੱਡੇ ਕਵੀ ਹੋਣ ਦਾ ਵੀ ਪ੍ਰਚਾਰ ਪ੍ਰਸਤੁਤ ਕੀਤਾ ਜਿਹੜੇ ਹੁਣ ਪੰਜਾਬੀ ਕਾਵਿ-ਪਰੰਪਰਾ ’ਚੋਂ ਲੋਪ ਹਨ। ਪ੍ਰਯੋਗਵਾਦ ਨਾਲ ਵੀ ਇਹੀ ਵਾਪਰਿਆ। ਅਸਲ ਵਿਚ ਗੁਟਬੰਦਕ ਕਾਵਿ-ਆਲੋਚਨਾ, ਕੁਝ ਦਰਮਿਆਨੇ ਕਵੀਆਂ ਨੂੰ, ਵਕਤੀ ਤੌਰ ’ਤੇ ਖੜ੍ਹਾ ਕਰ ਸਕਦੀ ਹੈ ਪਰ ਚਿਰਸਥਾਈ ਤਾਂ ਕਵਿਤਾ ਦੀ ਸਿਰਜਣਾਤਮਿਕ ਜ਼ਮੀਨ ਨੇ ਬਣਾਉਣਾ ਹੁੰਦਾ ਹੈ। ਰੇਮੰਡ ਵਿਲੀਅਮਜ਼ ਆਪਣੇ ਲੇਖ ‘ਪ੍ਰਤਿਬੱਧਤਾ ਅਤੇ ਗੁਟਬੰਦੀ’ (Alignment and Commitment) ਵਿਚ ਦਸਦਾ ਹੈ ਕਿ ਗੁਟਬੰਦਕ ਸਾਹਿਤਕਾਰ ਨੂੰ ਵਕਤੀ ਤੌਰ ’ਤੇ ਫਾਇਦਾ ਹੁੰਦਾ ਹੈ ਕਿ ਉਸ ਦੇ ਗੁੱਟ ਨਾਲ ਜੁੜੇ ਕੁਝ ਸੈਂਕੜੇ ਲੋਕ, ਉਸ ਸਾਹਿਤ ਨੂੰ ਪੜ੍ਹਦੇ ਹਨ ਅਤੇ ਉਹ ਵਕਤੀ ਤੌਰ ’ਤੇ ਸਥਾਪਿਤ ਹੋ ਜਾਂਦਾ ਹੈ। ਜਦੋਂ ਕਿ ਪ੍ਰਤਿਬੱਧਤਾ ਇਸ ਤੋਂ ਵਧੇਰੇ ਗੰਭੀਰ ਸਿਰਜਣਾਤਮਿਕਤਾ ਦੀ ਬੁਨਿਆਦ ’ਤੇ ਖੜ੍ਹੀ ਹੁੰਦੀ ਹੈ। ਸੋ ਪੰਜਾਬੀ ਕਾਵਿ-ਪਾਠ ਨੂੰ ਸੁਜੱਗ ਪਾਠਕ ਸਮੇਤ ਪੰਜਾਬੀ ਕਵਿਤਾ ਨੂੰ ਪੜ੍ਹਾਉਣ ਵਾਲਾ ਅਧਿਆਪਕ ‘ਗੁਟਬੰਦਕ ਅਤੇ ਪ੍ਰਤਿਬੱਧ’ ਸਾਹਿਤ ਦੇ ਅੰਤਰ ਨੂੰ ਵੀ ਜਾਣੇ ਅਤੇ ਕਵਿਤਾ ਦਾ ਮੁਲਾਂਕਣ ਕਰੇ।

(ਸ) ਇਸੇ ਬਿੰਦੂ ਨੂੰ ਅਗਾਂਹ ਵਧਾਉਂਦਿਆਂ, ਸਾਹਿਤ ਅਤੇ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਵੀ, ਸੁਜੱਗ ਕਾਵਿ-ਪਾਠਕ ਦੀ ਭੂਮਿਕਾ ਨੂੰ ਸਮਝਣ ਦੀ ਜ਼ਰੂਰਤ ਹੈ। ਕੋਈ ਪਾਠਕ ਆਪਣੀ ਵਿਚਾਰਧਾਰਾ ਨੂੰ ਨਿਸ਼ਚਿਤ ਕਰਕੇ; ਉਸਦਾ ਐਲਾਨ ਕਰਕੇ ਕੀ ਕੋਈ ਕਾਵਿ-ਪਾਠ ਨੂੰ ਅਧਿਐਨ ਵਸਤੂ ਬਣਾ ਸਕਦਾ ਹੈ ਜਾਂ ਬਣਾਉਣਾ ਚਾਹੀਦਾ ਹੈ ਜਾਂ ਕੀ ਐਸਾ ਅਧਿਐਨ, ਚਿਰਸਥਾਈ ਅਧਿਐਨ ਰਹੇਗਾ? ਇਨ੍ਹਾਂ ਸਵਾਲਾਂ ਦੇ ਜਵਾਬ ਸੌਖੇ

ਨਹੀਂ। ਇਕ ਅਕਾਦਮਿਕ ਸਖ਼ਸ਼ੀਅਤ (Academic Personality) ਦੀ ਭੂਮਿਕਾ 'ਚ ਤੁਸੀਂ ਇਹ ਕਰ ਸਕਦੇ ਹੋ ਕਿ 'ਵਾਰਿਸ ਦੀ ਹੀਰ ਦਾ ਮਾਰਕਸਵਾਦੀ ਦ੍ਰਿਸ਼ਟੀ ਬਿੰਦੂ ਤੋਂ ਅਧਿਐਨ' ਜਾਂ 'ਲੂਣਾ' ਦਾ ਕਿਸੇ ਦ੍ਰਿਸ਼ਟੀ ਬਿੰਦੂ ਤੋਂ ਅਧਿਐਨ। ਪਰ ਅਕਾਦਮਿਕ ਤੌਰ 'ਤੇ ਜਿਸ ਦ੍ਰਿਸ਼ਟੀ ਬਿੰਦੂ ਤੋਂ ਤੁਸੀਂ ਅਧਿਐਨ ਚੁਣਿਆ, ਕਿਤੇ ਉਹ ਕਿਸੇ ਪਾਰਟੀ ਵਿਸ਼ੇਸ਼ ਦੇ ਮੈਨੀਫੈਸਟੋ ਅਨੁਸਾਰ ਅਧਿਐਨ ਤਾਂ ਨਹੀਂ; ਕਿਉਂਕਿ ਪਾਰਟੀ ਮੈਨੀਫੈਸਟੋ, ਪਾਰਟੀਆਂ ਦੀਆਂ ਨੀਤੀਆਂ ਅਨੁਸਾਰ ਛੇਤੀ-ਛੇਤੀ ਬਦਲਦੇ ਰਹਿੰਦੇ ਹਨ। ਕਵਿਤਾ ਦੇ ਅਧਿਐਨ ਲਈ (ਅਕਾਦਮਿਕ ਅਧਿਐਨ ਲਈ) ਪਾਰਟੀ ਲਾਈਨ ਦਾ ਅਧਿਐਨ, ਕੋਈ ਠੀਕ ਨਿਰਣੇ 'ਤੇ ਪਹੁੰਚਣ ਦਾ ਦਾਅਵਾ ਨਹੀਂ ਕਰ ਸਕਦਾ। ਪਰ ਮੈਂ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਪ੍ਰਤਿਬੱਧਤਾ ਜਾਂ ਅਕਾਦਮਿਕਤਾ ਦੇ ਪੱਧਰ 'ਤੇ ਜਦੋਂ ਕੋਈ ਅਧਿਐਨ ਵਿਚਾਰਧਾਰਾ ਵਿਸ਼ੇਸ਼ ਦਾ ਹੋਵੇ ਤਾਂ ਉਹ ਆਪਣੇ ਅਧਿਐਨ ਲਈ ਵਿਚਾਰਧਾਰਾ ਦੇ ਮੂਲ ਸੁਭਾਅ ਦੀਆਂ ਬੁਨਿਆਦੀ ਲਿਖਤਾਂ ਨੂੰ ਬਣਾਏ- ਪਾਰਟੀ ਵਿਸ਼ੇਸ਼ ਦੇ ਮੈਨੀਫੈਸਟੋ ਨੂੰ ਨਹੀਂ। ਇਹ ਬਹਿਸ ਬਹੁਤ ਲੰਮੀ ਹੈ ਜਿਸ ਵਿਚ ਟਰਾਟਸਕੀ ਅਤੇ ਮਾਉ-ਜ਼ੇ-ਤੁੰਗ ਗੌਲਣਯੋਗ ਹਨ। ਨਿਰਸੰਦੇਹ ਮਾਉ-ਜ਼ੇ-ਤੁੰਗ ਚੰਗੇ ਸਾਹਿਤ ਲਈ ਪਾਰਟੀ ਵਿਚਾਰਧਾਰਾ ਤੋਂ ਮੁਕਤ ਹੋਣ ਨੂੰ ਪਹਿਲ ਦਿੰਦਾ ਹੈ। ਪਾਸ਼ ਵੀ ਆਪਣੀਆਂ ਚਿੱਠੀਆਂ ਵਿਚ ਕਈ ਥਾਵੇਂ ਅਜਿਹੇ ਵਿਚਾਰ ਪ੍ਰਗਟ ਕਰਦਾ ਹੈ। ਪਰ ਮਸਲਾ ਤਾਂ ਪੜ੍ਹਤ ਦਾ ਹੈ- ਉਸ ਸੁਜੱਗ ਪੜ੍ਹਤ ਦਾ ਜਿਸਨੇ ਕਾਵਿ-ਪਾਠ ਦੀਆਂ ਅੰਤਰਿਕ ਤੈਹਾਂ ਤੱਕ ਜਾਣਾ ਹੈ - ਨਿਰਣੇ ਕਰਨੇ ਹਨ। ਇਸ ਪੱਖ ਤੋਂ ਇਕ ਸੁਜੱਗ-ਪਾਠਕ ਲਈ, ਪ੍ਰਤਿਬੱਧਤਾ ਅਤੇ ਗੁਟਬੰਦੀ ਦੇ ਅੰਤਰ ਨੂੰ ਵੀ ਸਮਝਣ ਦੀ ਜ਼ਰੂਰਤ ਹੈ। ਸਾਧਾਰਨ-ਪਾਠਕ ਤੋਂ ਅਸੀਂ ਕਿਸੇ ਨਿਰਲੇਪਤਾ ਦੀ ਆਸ ਨਹੀਂ ਰੱਖ ਸਕਦੇ ਕਿਉਂਕਿ ਉਸਨੇ ਆਪਣੇ ਆਨੰਦ ਲਈ ਕਵਿਤਾ ਪੜ੍ਹਨੀ ਹੈ ਅਤੇ ਆਪਣੇ ਵਿਚਾਰ ਦੇਣੇ ਹਨ। ਇਸ ਲਈ ਸੁਜੱਗ ਕਾਵਿ-ਪਾਠਕ, ਪਾਠਕਾਂ ਦੀ ਗਿਣਤੀ ਦੇ ਆਧਾਰ 'ਤੇ ਨਿਰਣੇ ਨਹੀਂ ਕਰ ਸਕਦਾ ਕਿ ਇਹ ਕਵਿਤਾ ਬਹੁਤ ਪੜ੍ਹੀ ਜਾ ਰਹੀ ਹੈ- ਇਸ ਲਈ ਇਹ ਮਹਾਨ ਹੈ। ਕਾਰਨਾਂ ਬਾਰੇ ਅਸੀਂ ਚਰਚਾ ਕਰ ਲਈ ਹੈ। ਬਹੁਤ ਹੀ ਸਮਕਾਲੀ/ਤਤਕਾਲੀ ਉਦਾਹਰਣ ਫੇਸਬੁੱਕ ਦੀ ਉਹ ਕਵਿਤਾ ਵੀ ਦੇਖੀ ਜਾ ਸਕਦੀ ਹੈ ਜਿਹੜੀ ਰੁਮਾਂਸਵਾਦੀ ਅਤੇ ਪ੍ਰਗੀਤਕ ਪੁੱਠ ਵਾਲੀ ਸ਼ਾਇਰੀ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ ਅਤੇ ਉਸ ਨੂੰ ਇਕ ਵੱਡਾ ਦਾਇਰਾ ਪਸੰਦ (Like) ਕਰ ਰਿਹਾ ਹੈ।

(ਹ) ਕਵਿਤਾ ਦੀ ਪੜ੍ਹਤ ਬਾਰੇ ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਇਕ ਪ੍ਰਸ਼ਨ ਇਹ ਵੀ ਖੜ੍ਹਾ ਹੁੰਦਾ ਹੈ ਜਾਂ ਬੇਲੋੜਾ ਹੀ ਕਰ ਲਿਆ ਜਾਂਦਾ ਹੈ ਕਿ ਕਵਿਤਾ ਦਾ ਰੂਪ ਮਹੱਤਵਪੂਰਨ ਹੈ ਜਾਂ ਵਸਤੂ। ਭਾਵੇਂ ਸਵਾਲ ਦਾ ਸਬੰਧ ਕਾਵਿ ਅਧਿਐਨ ਨਾਲ ਹੈ- ਪੜ੍ਹਤ ਨਾਲ ਸਿੱਧਾ ਨਹੀਂ। ਪਰ ਪੜ੍ਹਤ ਵਿਚ ਵੀ ਪਾਠਕ ਦਾ ਸਬੰਧ ਰੂਪ (ਕਾਵਿ-ਪਾਠ ਦੀ ਸ਼ਾਬਦਿਕ ਸੰਰਚਨਾ) ਨਾਲ ਪਹਿਲਾਂ ਹੁੰਦਾ ਹੈ ਜੋ ਆਪਣੇ ਚਿਹਨ-ਸੰਸਾਰ ਰਾਹੀਂ, ਕਵਿਤਾ ਦੇ ਚਿਹਨਾਰਥਾਂ ਰਾਹੀਂ ਅਰਥ-ਸੰਚਾਰ ਹੁੰਦਾ ਹੈ। ਇਸ ਅਰਥ-ਸੰਚਾਰ ਲਈ ਸੁਜੱਗ-ਪਾਠਕ ਕਾਵਿ-ਪਾਠ ਦੇ ਵਿਚਾਰ ਤੱਕ, ਆਪਣੀ ਸਮਰਥਾ ਰਾਹੀਂ ਪਹੁੰਚਦਾ ਹੈ। ਪਰ ਹਰ ਹੀਲੇ, ਸੁਜੱਗ -ਪਾਠ ਫਿਰ ਤੋਂ ਉਸ ਸੰਕਲਪਾਂ ਦੇ ਜਗਤ 'ਚ ਪਹੁੰਚ ਜਾਂਦਾ ਹੈ ਜਿਸ ਦੀ ਸੰਕਲਪਨਾ, ਕਵੀ ਨੇ ਸਿਰਜਣਾ-ਪ੍ਰਕਿਰਿਆ ਸਮੇਂ ਕੀਤੀ ਹੁੰਦੀ ਹੈ। ਇਸ ਨੁਕਤੇ ਤੋਂ ਕਾਵਿ-ਪਾਠ ਹੈ ਤਾਂ ਵਿਚਾਰ (thought) ਹੀ ਪਰ ਇਹ ਵਿਚਾਰ ਸੰਕਲਪਾਂ 'ਚ ਨਹੀਂ ਕਾਵਿ-ਭਾਸ਼ਾ (ਬਿੰਬ, ਰੂਪਕ, ਚਿਹਨ, ਪ੍ਰਤੀਕ, ਚਿੰਤਨੀ-ਸੂਝ ਆਦਿ) ਦੇ ਮਾਧਿਅਮਾਂ ਰਾਹੀਂ ਸਿਰਜਿਤ ਹੁੰਦਾ ਹੈ। ਇਸ ਲਈ ਸੁਜੱਗ-ਪਾਠਕ ਲਈ ਕਾਵਿ-ਸੁਹਜ ਦੇ ਜਗਤ ਦੀ ਸੂਝ ਬਹੁਤ ਜ਼ਰੂਰੀ ਹੈ- ਨਹੀਂ ਤਾਂ ਕਵਿਤਾ ਅਤੇ ਅਕਵਿਤਾ ਦੇ ਭੇਦ ਦਾ ਪਤਾ ਕਿਵੇਂ ਲੱਗੇਗਾ? ਮੈਂ ਤਾਂ ਆਪਣੇ ਪੂਰਬਲੇ ਕਈ ਲੇਖਾਂ 'ਚ ਇਹ ਵੀ ਕਿਹਾ ਹੈ ਕਿ ਜੇਕਰ ਅਕਾਦਮਿਕ ਤੌਰ 'ਤੇ ਕਿਸੇ ਕਾਵਿ-ਪਾਠ ਦੀ ਵਿਚਾਰਧਾਰਾ ਦੀ ਦਸ਼ਾ ਅਤੇ ਦਿਸ਼ਾ ਦੀ ਥਾਹ ਪਾਉਂਣੀ ਹੈ ਤਾਂ ਇਹ ਰਸਤਾ ਕਵਿਤਾ ਦੇ ਸੁਹਜ-ਸ਼ਾਸਤਰ ਦੇ ਰਸਤਿਆਂ ਦੀ ਥਾਹ ਰਾਹੀਂ ਸੰਭਵ ਹੋ ਸਕਦਾ ਹੈ- ਨਹੀਂ ਤਾਂ ਪਾਠਕ ਆਪਣੇ ਹੀ ਵਿਚਾਰਾਂ ਨੂੰ ਪ੍ਰਤਿਬਿੰਬਤ ਕਰਦਾ ਰਹੇਗਾ, ਕਾਵਿ-ਪਾਠ ਦੀ ਵਿਚਾਰਧਾਰਾ ਨੂੰ ਸਹੀ ਰੂਪ ਵਿਚ ਨਹੀਂ ਸਮਝਿਆ ਜਾ ਸਕੇਗਾ। ਸ਼ਿਵ ਕੁਮਾਰ ਅਤੇ ਸੁਰਜੀਤ ਪਾਤਰ ਦੀ ਕਵਿਤਾ ਦੇ ਵਿਚਾਰਧਾਰਕ ਅੰਤਰ ਨੂੰ ਇਨ੍ਹਾਂ ਕਵੀਆਂ ਦੇ ਸੁਹਜ-ਮਾਧਿਅਮਾਂ ਦੇ ਆਧਾਰਾਂ ਦੀ ਸੁਜੱਗ-ਪੜ੍ਹਤ ਨਾਲ ਹੀ ਨਿਖੇੜਿਆ ਜਾ ਸਕੇਗਾ।

(ਕ) ਅੰਤਿਮ ਮਹੱਤਵਪੂਰਨ ਸਵਾਲ, ਕਾਵਿ-ਪਾਠ ਅਤੇ ਪ੍ਰਸੰਗਾਂ (text and context) ਦੇ ਸਬੰਧਾਂ ਦਾ ਹੈ। ਕੀ ਕਾਵਿ-ਪਾਠ ਵਿਚੋਂ ਹੀ ਕਵਿਤਾ ਦੇ ਚਿਹਨਾਰਥਾਂ ਦੀ ਤਲਾਸ਼ ਸੰਭਵ ਹੈ ਜਾਂ ਇਸ ਤੋਂ ਬਾਹਰ ਜਾਣਾ ਪਵੇਗਾ? ਕੋਈ ਕਾਵਿ-ਪਾਠ ਕਿੰਨਾ ਵੀ ਸਰਲ ਜਾਂ ਮੁਕੰਮਲ ਹੋਣ ਦਾ ਭਰਮ ਸਿਰਜੇ, ਕਵਿਤਾ ਦੇ ਅਰਥਾਂ ਦੀ ਥਾਹ ਲਈ ਪ੍ਰਸੰਗ (Context) ਦਾ ਮਹੱਤਵ ਵੀ ਬਰਾਬਰ ਦਾ ਹੈ। ਪਰ ਮਸਲਾ ਪਾਠ ਅਤੇ ਪ੍ਰਸੰਗ ਦੇ

ਸਹੀ ਸਬੰਧਾਂ ਦੀ ਡਾਇਲੈਕਟਿਸ ਨੂੰ ਪਛਾਨਣ ਦਾ ਹੈ। ਟੈਰੀ ਈਗਲਟਨ ਜਦੋਂ ਕਵਿਤਾ ਦੀ ਪੜ੍ਹਤ ਸੰਬੰਧੀ ਇਹ ਸਵਾਲ ਉਠਾਉਂਦਾ ਹੈ ਕਿ ਕੀ 'ਆਲੋਚਨਾ ਆਪਣੇ ਆਪ ਵਿਚ ਅੰਤਰਮੁਖੀ (Subjectivity) ਹੁੰਦੀ ਹੈ? ਉਹ ਕਾਵਿ-ਪਾਠ ਦੇ ਅਰਥਾਂ ਬਾਰੇ ਲੇਖ 'ਅਰਥ ਅਤੇ ਅੰਤਰਮੁਖਤਾ' (Meainng and Subjecitivty) (How to Read a Poem, p. 108, 2007) ਵਿਚ ਕਹਿੰਦਾ ਹੈ ਕਿ ਆਪਣੇ ਆਪ ਵਿਚ ਕਾਵਿ-ਪਾਠ ਕੀ ਅਰਥਹੀਣ ਹੈ? ਜਾਂ ਪਾਠਕ ਹੀ ਉਸਨੂੰ ਅਰਥ ਦਿੰਦਾ ਹੈ। ਪਰ ਉਹ ਫਿਰ ਕਹਿੰਦਾ ਹੈ ਕਿ ਉਹ ਇਕ ਪੱਖੋਂ ਠੀਕ ਵੀ ਹੈ ਪਰ ਦੂਜੀ ਸੂਝ (Another) ਮੁਜਬ ਗ਼ਲਤ ਵੀ ਹੈ। ਅਸਲ ਵਿਚ ਕਾਵਿ-ਪਾਠ ਦੇ ਸਹੀ ਅਰਥਾਂ ਦੀ ਤਲਾਸ਼ ਲਈ ਪ੍ਰਸੰਗ ਅਤੇ ਪਾਠ ਦੇ ਸੰਬੰਧਾਂ ਲਈ ਪਾਠਕ ਇਕ ਅਜਿਹੇ ਸੁਜੱਗ (A Good deal of interpretative labour) ਵਿਆਖਿਆਕਾਰ ਦੇ ਰੂਪ ਵਿਚ ਸਾਹਮਣੇ ਆਵੇ ਜਿਹੜਾ ਪਾਠ ਦੇ ਚਿਹਨਾਰਥਾਂ ਦੇ ਪ੍ਰਸੰਗਾਂ ਦੀ ਪਛਾਣ ਕਰ ਸਕੇ। (Meaning and Subjectivity, Terry Eagleton, 2007) ਇਕ ਚੰਗੇ ਪਾਠਕ ਨੂੰ ਟੈਰੀ ਈਗਲਟਨ ਨੇ 'ਸੱਚਾ ਵਿਆਖਿਆਕਾਰ' ਕਿਹਾ ਹੈ। ਜਿਸ ਨੂੰ ਮੈਂ ਪੂਰੇ ਲੇਖ ਵਿਚ ਸੁਜੱਗ-ਪਾਠਕ ਕਿਹਾ ਹੈ। ਸੋ ਕਵਿਤਾ ਪਾਠ ਦੀ ਸਹੀ ਪੜ੍ਹਤ ਦੇ ਦੋ ਪ੍ਰਮੁੱਖ ਆਧਾਰ ਹਨ। ਇਕ ਪੜ੍ਹਤ ਉਸ ਸਾਧਾਰਨ ਪਾਠਕ ਦੀ ਹੈ ਜਿਹੜੀ, ਕਵਿਤਾ ਨੂੰ ਆਪਣੇ ਆਨੰਦ ਲਈ ਪੜ੍ਹਦਾ ਹੈ। ਇਸ ਪਾਠਕ ਦੀ ਪੜ੍ਹਤ ਵਿਚ ਉਸਦੀਆਂ ਗਿਆਨ-ਸੰਵੇਦਨਾਵਾਂ ਦੀ ਤ੍ਰਿਪਤੀ ਹੁੰਦੀ ਹੈ। ਦੂਜਾ ਸੁਜੱਗ-ਪਾਠਕ ਕਾਵਿ-ਪਾਠ ਦੀਆਂ ਡੂੰਘੀਆਂ ਚਿਹਨਾਰਥੀ ਪਰਤਾਂ ਦੀ ਥਾਹ ਨਾਲ ਜੁੜਦਾ ਹੈ ਜਿਸਦੀ ਤਵੱਕੋ ਮੈਂ ਇਸ ਲੇਖ ਵਿਚ ਕੀਤੀ ਹੈ। ਨਿਰਸੰਦੇਹ ਪੰਜਾਬੀ ਕਾਵਿ-ਪਰੰਪਰਾਵਾਂ ਦੀ ਦਸ਼ਾ ਅਤੇ ਦਿਸ਼ਾ ਨੂੰ (ਪੰਜਾਬੀ ਅਕਾਦਮਿਕ ਖੇਤਰ ਵਿਚ) ਸਮਝਣ ਲਈ ਅਜਿਹੇ ਸੁਜੱਗ-ਪਾਠਕ ਦੀ ਬੜੀ ਲੋੜ ਹੈ। ਇਹੀ ਸੁਜੱਗ-ਪਾਠਕ ਹੀ ਕਵਿਤਾ ਪੜ੍ਹਾਉਣ ਵਾਲਾ ਚੰਗਾ ਅਧਿਆਪਕ ਵੀ ਸਾਬਿਤ ਹੋਵੇਗਾ।

ਸੋ ਇਸ ਲੇਖ ਰਾਹੀਂ ਮੈਂ ਕਵਿਤਾ ਦੀ 'ਸੁਜੱਗ ਪੜ੍ਹਤ' ਦਾ ਮਸਲਾ, ਪੰਜਾਬੀ ਕਾਵਿ-ਚਿੰਤਨ ਸਾਹਮਣੇ ਸੰਵਾਦ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ। ਕਿਸੇ ਆਦਰਸ਼-ਮਾਡਲ ਦਾ ਦਾਅਵਾ ਤਾਂ ਨਹੀਂ ਪਰ ਕਵਿਤਾ ਦੇ ਮੂਲ ਸੁਭਾਅ ਦੀ ਸਿਰਜਣਾਤਮਿਕਤਾ ਅਤੇ ਉਸਦੀ ਪੜ੍ਹਤ ਲਈ ਕੁਝ ਨੁਕਤਿਆਂ ਨੂੰ ਜ਼ਰੂਰ ਅਧਿਐਨ ਦਾ ਕੇਂਦਰ ਬਣਾਇਆ ਹੈ। ਇਸ ਲੇਖ ਦੀ ਸਿਰਜਣਾ ਵਿਚ ਮੇਰੇ ਤੀਹ ਸਾਲਾਂ ਦਾ ਕਵਿਤਾ ਅਧਿਆਪਨ ਅਤੇ ਕਾਵਿ ਭਾਸ਼ਾ ਦੀ ਬਿਰਤੀ ਦਾ ਸਿਧਾਂਤਕ ਗਿਆਨ ਆਧਾਰ ਰਹੇ ਹਨ। ਲੇਖ ਦੇ ਅੰਤ 'ਤੇ ਮੈਂ ਉਨ੍ਹਾਂ ਕਿਤਾਬਾਂ ਦੀ ਸੰਖੇਪ ਸੂਚੀ ਦਿੱਤੀ ਹੈ ਜਿਨ੍ਹਾਂ ਤੋਂ ਮੈਂ ਇਹ ਸਮਝ ਬਣਾ ਸਕਿਆ ਹਾਂ।

## ਲੇਖ ਦੀ ਸਿਰਜਣਾ ਵਿੱਚ ਆਧਾਰ ਕਿਤਾਬਾਂ ਦੀ ਸੂਚੀ


- ਦੇਵਿੰਦਰ ਇਸਰ, **ਉਤਰ ਆਧੁਨਿਕਤਾ: ਸਾਹਿਤ ਅਤੇ ਸੰਸਕ੍ਰਿਤੀ ਦੀ ਨਵੀਂ ਸੋਚ** (ਅਨੁ.), ਇੰਦਰਪ੍ਰਸਥ ਪ੍ਰਕਾਸ਼ਨ, ਦਿੱਲੀ (2000)
- ਅਮਰਜੀਤ ਗਰੇਵਾਲ, **ਮੁਹੱਬਤ ਦੀ ਰਾਜਨੀਤੀ**, ਚੇਤਨਾ ਪ੍ਰਕਾਸ਼ਨ, ਲੁਧਿਆਣਾ
- ਡਾ. ਯੋਗ ਰਾਜ, **ਪੰਜਾਬੀ ਕਵਿਤਾ: ਉਤਰ ਪੰਜਾਬ ਸੰਕਟ**, ਚੇਤਨਾ ਪ੍ਰਕਾਸ਼ਨ, ਲੁਧਿਆਣਾ
- ਡਾ. ਹਰਿਭਜਨ ਸਿੰਘ, **ਸਾਹਿਤ ਸ਼ਾਸਤਰ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
- ਡਾ. ਹਰਿਭਜਨ ਸਿੰਘ, **ਸਾਹਿਤ ਵਿਗਿਆਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
- ਸੰਤ ਸਿੰਘ ਸੇਖੋਂ, **ਸਾਹਿਤਿਆਰਥ**, ਲਾਹੌਰ ਬੁੱਕ ਸ਼ਾਪ, ਲੁਧਿਆਣਾ
- ਡਾ. ਅਤਰ ਸਿੰਘ, **ਕਾਵਿ ਅਧਿਅਨ**, ਲੋਕਗੀਤ ਪ੍ਰਕਾਸ਼ਨ, ਸਰਹੰਦ
- Roland Barthes **Mythologies**, select and trans. Annette Lavers, London: Paladin, 1973.
- Roland Barthes **Writing Degree Zero**, trans. Annette Lavers and Colin Smith, New York: Hill and Wang 1967.
- Roland Barthes, **The Death of the Author**.
- Amarjit Singh Grewal, **Poetic Truth: Journeying with Surjit Patar**, Har-Anand Pubilcaiton.
- Michel Foucault, **The History of Sexuality**, Penguin Classics.
- Michel Foucault, **Madness & Civilization**, RHUS Publication.


✧



ISSN : 2395-1273